ਉਸ ਧਾਰਨਾ ਬਾਰੇ ਸੁਚੇਤ ਨਹੀਂ ਜਿਹੜੀ ਇਨਕਲਾਬੀ ਧਾਰਨਾ ਅਸੀਂ ਹੀਰ ਰਾਂਝੇ ਦੇ ਸੰਬੰਧ ਵਿਚ ਦੇਖਣ ਦੇ ਇਛੁਕ ਹਾਂ। ਵਾਰਿਸ ਅਜਿਹੀ ਧਾਰਨਾ ਜਾਂ ਇਸ਼ਕ ਦੇ ਚਿਹਨ-ਚਿਤ੍ਰ ਬਾਰੇ ਸੁਚੇਤ ਹੋ ਵੀ ਨਹੀਂ ਸੀ ਸਕਦਾ ਕਿਉਂਕਿ ਉਹਦੇ ਸਾਹਮਣੇ ਸਾਡੇ ਨਾਲੋਂ ਵੱਖਰਾ ਮੁੱਲ ਵਿਧਾਨਕ ਸੰਦਰਭ ਸੀ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਵਾਰਿਸ ਦੇ ਅਜਿਹੇ ਪ੍ਰੀਤ ਸਕੰਲਪ ਬਾਰੇ ਸੁਚੇਤ ਨਾ ਹੋਣ'ਤੇ ਵੀ ਜਿਹੜਾ ਮੁੱਲ ਵਿਧਾਨ ਹੀਰ ਵਲੋਂ ਆਪਣੀ ਸੁਰਖਿਆ ਤੇ ਸੰਘਰਸ਼ ਲਈ ਵਰਤਿਆ ਜਾ ਰਿਹਾ ਸੀ ਉਸ ਦਾ ਚ੍ਰਿਤਰ ਅਤੇ ਭੂਮਿਕਾ ਕਿਹੋ ਜਿਹੀ ਸੀ ?

ਜਦੋਂ ਹੀਰ ਮਾਪਿਆਂ, ਭਾਈਚਾਰੇ ਅਤੇ ਕਾਜ਼ੀ ਦੇ ਵਿਰੋਧ ਦਾ ਸਾਹਮਣਾ ਕਰਦੀ ਹੈ ਤਾਂ ਜਿਸ ਵਿਚਾਰ ਦੀ ਉਸ ਨੂੰ ਸਿਧਾਂਤਕ ਟੇਕ ਪ੍ਰਾਪਤ ਹੈ ਉਹ ਵਿਚਾਰ ਸ਼ਰੀਅਤ ਦੇ ਉਨ੍ਹਾਂ ਅਰਥਾਂ ਤੋਂ ਭਿੰਨ ਹੈ ਜਿਹੜੇ ਅਰਥ ਸਥਾਪਿਤ ਸਮਾਜਕ ਨੈਤਿਕਤਾ ਦੇ ਸਮਰਥਣ ਹਿਤ ਕਾਜ਼ੀ ਵਲੋਂ ਵਰਤੇ ਜਾਂਦੇ ਹਨ ਅਤੇ ਉਨ੍ਹਾਂ ਨੈਤਿਕ ਮੁੱਲਾਂ ਨਾਲੋਂ ਵੀ ਵੱਖਰੇ ਹਨ ਜਿਹੜੇ ਨੈਤਿਕ ਮੁੱਲਾਂ ਦਾ ਵਿਹਾਰਕ ਆਧਾਰ ਭਾਈਚਾਰੇ ਦੀ ਰਹੁ-ਰੀਤ ਨੂੰ ਨਿਸਚਿਤ ਕਰਦਾ ਹੈ। ਦੂਜੇ ਹੀਰ ਜਿਸ ਸਮਾਜਕ ਵਾਤਾਵਰਣ ਵਿਚ ਰਹਿ ਰਹੀ ਹੈ ਉਸ ਭਾਈਚਾਰੇ ਨੂੰ ਉਨ੍ਹਾਂ ਸੰਦਾਂ ਰਾਹੀਂ ਹੀ ਨਜਿਠਿਆ ਜਾ ਸਕਦਾ ਹੈ ਜਿਹੜੇ ਵਿਚਾਰਧਾਰਕ ਸੰਦ ਉਹਨਾਂ ਦੀ ਚੇਤਨਾ ਦੇ ਸੰਦਰਭ ਵਿਚ ਕਾਰਗਰ ਸਿੱਧ ਹੋ ਸਕਦੇ ਹਨ। ਪਰ ਉਹਦੀ ਵਿਚਾਰਧਾਰਕ ਟੇਕ ਨਿਰੋਲ tactics ਦੇ ਤੌਰ 'ਤੇ ਨਹੀਂ ਵਰਤੀ ਗਈ ਸਗੋਂ ਇਹ ਟੇਕ ਉਹਦੇ ਨਿੱਜੀ ਮੋਹ ਨੂੰ ਸਮਾਜਕ ਵਿਰੋਧ ਸਾਹਵੇਂ ਨਵੇਂ ਮੁੱਲਾਂ ਦਾ ਆਧਾਰ ਦੇਂਦੀ ਹੈ। ਇਸ ਲਈ ਹੀਰ ਵਲੋਂ ਵਰਤੀ ਗਈ ਦਲੀਲ ਸ਼ਰਾਅ ਦੀ ਉਲੰਘਣਾ ਦੇ ਦੋਸ਼ ਵਿਚੋਂ ਟੇਕ ਨਹੀਂ ਭਾਲਦੀ ਸਗੋਂ ਸ਼ਰਾਅ ਦੀ ਪਾਵਨਤਾ ਨੂੰ ਦਲੀਲ ਵਜੋਂ ਵਰਤਦੀ ਹੋਈ ਇਸ਼ਕ ਦੀ ਪਾਵਨਤਾ ਭਾਵ ਮਾਰਫ਼ਤ ਦਾ ਮੁੱਲ ਵਿਧਾਨ ਘੜਦੀ/ਵਰਤਦੀ ਹੈ। ਇਹ ਮੁੱਲ ਵਿਧਾਨ ਆਪਣੀ ਅਧਿਆਤਮਕਤਾ ਕਾਰਨ 'ਢਕੋਂ-ਸਲਾ' ਜਾਂ 'ਤੁੰਨ ਦਿਤਾ' ਨਹੀਂ ਕਿਹਾ ਜਾ ਸਕਦਾ ਸਗੋਂ ਉਨ੍ਹਾਂ ਪਾਤਰਾਂ ਦੀ ਸੰਕਟ ਘੜੀ ਵੇਲੇ ਦੀ ਟੇਕ ਹੋਣ ਸਦਕਾ ਉਨ੍ਹਾਂ ਦੀ ਚੇਤਨਾ ਅਤੇ ਵਿਹਾਰ ਲਈ ਪੱਥ ਪ੍ਰਦਰਸ਼ਨ ਕਰਦਾ ਹੈ। ਭਾਵ, ਇਹ ਪਾਤਰ ਭਾਵੇਂ ਸੁਚੇਤ ਰੂਪ ਵਿਚ ਆਪਣੇ ਪ੍ਰੇਮ ਸੰਬੰਧ ਦੇ ਸਿਧਾਂਤਕ ਆਧਾਰ ਨੂੰ ਨਾ ਸਮਝਦੇ ਹੋਣ ਪਰ ਅਚੇਤ ਰੂਪ ਵਿਚ ਉਹ ਏਸੇ ਮਾਰਫਤ/ਸੂਫੀ ਸਿਧਾਂਤ ਰਾਹੀਂ ਹੀ ਸਮਾਜਕ ਸੰਦਰਭ/ਵਿਰੋਧ ਨਾਲ ਜੁੜੇ ਹੋਏ ਜੂਝ ਰਹੇ ਹਨ।

ਹੁਣ ਅਸੀਂ ਸੇਖੋਂ ਦੇ ਏਸ ਪ੍ਰਸ਼ਨ ਨੂੰ ਦੂਜੇ ਪੱਖ ਤੋਂ ਵਿਚਾਰਦੇ ਹਾਂ। ਕੀ ਹੀਰ ਆਪਣੇ ਮੂੰਹੋਂ ਹੀ "ਆਪਣਾ ਵਰ ਆਪ ਚੁਣਨ ਜੋਗ ਹੋਣ" ਦੀ ਗੱਲ ਕਰੇ ਤਾਂ ਹੀ ਇਸ ਪ੍ਰੇਮ ਸੰਬੰਧ ਨੂੰ 'ਇਨ-ਕਲਾਬੀ' ਕਿਹਾ ਜਾ ਸਕਦਾ ਹੈ ? ਕੀ ਹੀਰ ਦੀ ਸੁਰਖਿਆ ਵਿਧੀ ਹਿਤ ਦਿਤੀ ਗਈ ਇਹ ਦਲੀਲ ਕਿ ਉਸਦਾ 'ਰਾਂਝੇ ਨਾਲ ਸੰਬੰਧ ਅੱਲਾ ਵਲੋਂ ਬਣਾਇਆ ਗਿਆ ਸੰਬੰਧ ਹੈ',ਆਪਣੇ ਆਪ ਵਿਚ ਇਹ ਕਹਿਣ ਦੇ ਤੁਲ ਨਹੀਂ ਕਿ ਰਾਂਝਾ ਵਰ ਉਸਨੇ ਆਪ ਚੁਣਿਆ ਹੈ ? ਅੱਲਾ ਦੀ ਪ੍ਰਵਾਨਗੀ ਤਾਂ ਉਸ ਸਮੇਂ ਦੀ ਚੇਤਨਾ ਦਾ ਵਿਅਕਤਕ-ਮੁਹਾਵਰਾ ਹੈ ਜਿਹੜਾ ਹੀਰ ਨੇ ਵਰਤਿਆ ਹੈ। ਇਹ ਉਸਦੀ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ। ਏਸੇ ਤਰ੍ਹਾਂ ਹੀ ਹੀਰ ਦਾ "ਕਾਜ਼ੀ ਅੱਗੇ ਵਿਹਰ" ਬੈਠਣਾ ਤੇ ਸੈਦੇ ਨੂੰ ਕਬੂਲ ਕਰਨ ਤੋਂ ਇਨਕਾਰ ਉਹਦੇ ਆਪੇ ਵਰ ਚੁਣਨ ਦੀ ਸੁਤੰਤਰਤਾ ਦੇ ਅਧਿਕਾਰ ਦੀ ਸਪਸ਼ਟਤਾ ਤੇ ਪ੍ਰੋੜ੍ਹਤਾ ਹੀ ਕਰਦਾ ਹੈ। ਸੇਖੋਂ 'ਕਾਜ਼ੀ ਅੱਗੇ ਵਿਹਰ ਬੈਠਣ' ਨੂੰ ਸ਼ਰਈਆ ਵਲੋਂ ਇਨਕਲਾਬੀ ਕਦਮ ਨਾ ਮਿਥੇ ਜਾਣ ਦੀ ਦਲੀਲ ਦੇਂਦਾ ਹੈ। ਪਰ ਸੁਆਲ ਇਹ ਹੈ ਕਿ ਸ਼ਰਈ ਇਸ 'ਵਿਹਰ

ਬੈਠਣ' ਨੂੰ ਇਨਕਲਾਬੀ ਕਦਮ ਕਿਉਂ ਆਖਣਗੇ ? ਪਰ ਇਸ ਤੋਂ ਇਹ ਨਤੀਜਾ ਨਹੀਂ ਕਢਿਆ ਜਾ ਸਕਦਾ ਕਿ ਜੇ ਸ਼ਰਈਆਂ ਦੇ ਪੱਖੋਂ "ਸੈਦੇ ਨੂੰ ਕਬੂਲ ਨਾ ਕਰਨਾ......ਕੋਈ ਇਨਕਲਾਬੀ ਗੱਲ ਨਹੀਂ, ਤਾਂ ਉਸ ਦਾ ਰਾਂਝੇ ਨੂੰ ਚੁਣਨਾ ਵੀ ਕੋਈ ਇਨਕਲਾਬੀ ਗੱਲ ਨਹੀਂ ਹੋ ਸਕਦੀ।" ਭਾਵੇਂ ਇਨਕਲਾਬੀ ਕਾਰਜ ਦੀ ਨਿਰੋਲ ਪਰਿਭਾਸ਼ਾ ਦੇਂਦਾ ਹੋਇਆ ਸੇਖੋਂ ਇਸ ਕਦਮ ਦੇ ਸਹੀ ਲਛਣਾਂ ਨੂੰ ਸਮਝਦਾ/ਸਮਝਾਂਦਾ ਹੈ ਪਰ ਨਿਰੋਲ ਆਰਥਿਕ/ਰਾਜ ਪਲਟਾ ਤਾਂ ਇਸ ਕਹਾਣੀ ਦੇ ਸੰਦਰਭ ਵਿਚ ਚਿਤਵਿਆ ਹੀ ਨਹੀਂ ਜਾ ਸਕਦਾ। ਇਸ ਲਈ ਅਸੀਂ ਹੀਰ ਰਾਂਝੇ ਦੇ ਪ੍ਰੇਮ ਨੂੰ ਭਾਵੇਂ ਨਵੇਂ ਮੁੱਲਾਂ ਦਾ ਸੂਚਕ ਨਾ ਮੰਨੀਏ ਪਰ ਸਥਾਪਿਤ/ਪ੍ਰਵਾਣਿਤ ਨੈਤਕ ਮੁੱਲਾਂ ਦੇ ਵਿਰੁਧ ਉਨ੍ਹਾਂ ਦੇ ਵਿਦਰੋਹ ਨੂੰ ਇਨ੍ਹਾਂ ਮੁੱਲਾਂ ਦੀ ਘੁਟਣ ਵਿਰੁਧ ਉਠ ਸਕਣ ਦੀ ਦਲੇਰੀ ਸਦਕਾ ਸੂਰਮਗਤੀ ਅਤੇ ਨਵੇਂ ਮੁੱਲਾਂ ਦੀ ਲੋੜ ਵਲ ਸੰਕੇਤ ਕਰਦਾ ਜ਼ਰੂਰ ਮੰਨ ਸਕਦੇ ਹਾਂ। ਸੇਖੋਂ ਆਪ ਕਹਿੰਦਾ ਹੈ ਕਿ **ਹੀਰ ਵਾਰਿਸ** ਵਿਚਲੀ ਕਥਾ ਦੇ ਸੰਦਰਭ ਵਿਚ ਵਾਰਿਸ ਸ਼ਾਹ ਦੀ 'ਸੂਝ ਤੋਂ ਬਾਹਰਾ ਸਵਾਲ ਇਹ ਹੀ (ਹੀਰ ਰਾਂਝੇ ਦਾ ਸੁਤੰਤਰ ਵਿਆਹ) ਬਣ ਗਿਆ ਹੈ, ਤੇ ਉਸ ਵਿਚ ਅਸੀਂ ਵਾਰਿਸ ਸ਼ਾਹ ਨੂੰ ਹੀਰ ਰਾਂਝੇ ਦੇ ਅਧਿਕਾਰ ਦਾ ਪੱਖੀ ਵੇਖਦੇ ਹਾਂ, ਜੋ ਇਕ ਅਗਰਗਾਮੀ ਸੁਭਾਵ ਵਾਲੀ ਗੱਲ ਹੈ। ਇਹੀ ਇਸ ਸੰਬੰਧ ਦਾ ਕੇਂਦਰੀ ਨੁਕਤਾ ਹੈ ਤੇ ਇਹੀ ਹੀਰ ਸਾਹਿਤ ਦੇ ਚ੍ਰਿਤਰ ਦੀ ਮੂਲ ਭਾਵਨਾ ਨੂੰ ਨਿਸ਼ਚਿਤ ਕਰਦਾ ਹੈ। ਪਰ ਸੇਖੋਂ ਦਾ ਇਸ ਪ੍ਰੇਮ ਸੰਬੰਧ ਦੇ ਚ੍ਰਿਤਰ ਬਾਰੇ ਸੰਦੇਹ ਬਣਿਆ ਰਹਿੰਦਾ ਹੈ ਜਦੋਂ ਉਹ ਇਸ ਸਾਰੀ ਸਮੱਸਿਆ ਨੂੰ ਭੱਦਰ ਪੁਰਸ਼ੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੋਇਆ ਕਹਿੰਦਾ ਹੈ :—"ਕੀ ਅੱਜ ਵੀ ਅਸਾਡੇ ਭਾਰਤੀ ਸਮਾਜ ਦੀ ਸਥਿਤੀ ਵਿਚ ਅਸੀਂ ਇਸ ਗੱਲ ਨੂੰ ਚੰਗਾ ਸਮਝਦੇ ਹਾਂ ਕਿ ਅਸਾਡੀਆਂ ਲੜ-ਕੀਆਂ, ਇਕ ਮੱਧ ਸ਼ਰੇਣੀ ਦੇ ਦੁਕਾਨਦਾਰ ਜਾਂ ਕਾਰੀਗਰ ਦੀ ਲੜਕੀ ਜਾਂ ਇਕ ਕਿਰਸਾਨ ਦੀ ਲੜਕੀ ਦਾ ਘਰ ਦੇ ਰਸੋਈ ਕਰਨ ਵਾਲੇ ਮੁੰਡੇ ਜਾਂ ਖੇਤ ਵਿਚ ਕੰਮ ਕਰਨ ਵਾਲੇ ਕਾਮੇ ਨਾਲ ਹੀਰ ਰਾਂਝੇ ਜਿਹਾ ਪ੍ਰੇਮ ਹੋਵੇ ? ਕਦਾਚਿਤ ਨਹੀਂ। ਕਿਉਂਕਿ ਅਜਿਹੀ ਸਥਿਤੀ ਕੋਈ ਸਮਾਜਕ ਤਬਦੀਲੀ ਨਹੀਂ ਲਿਆਉਂਦੀ, ਸਗੋਂ ਸਾਡੀ ਵਰਤਮਾਨ ਸਥਿਤੀ ਵਿਚ ਸਦਾਚਾਰ ਨੂੰ ਭੰਗ ਕਰਨ ਵਾਲੀ ਗੱਲ ਹੈ।"

ਸਾਨੂੰ ਇਹ ਗੱਲ ਮੰਨਣ ਤੋਂ ਇਨਕਾਰ ਨਹੀਂ ਕਿ ਜਿੰਨਾ ਚਿਰ ਆਰਥਿਕ ਪ੍ਰਬੰਧ ਵਿਚ ਤਬਦੀਲੀ ਨਹੀਂ ਆਉਂਦੀ ਓਨੀ ਦੇਰ ਇਸ ਤਰ੍ਹਾਂ ਦੇ ਸੰਬੰਧ ਵਿਆਪਕ ਸਦਾਚਾਰ ਬਣ ਸਕਣੇ ਸੰਭਵ ਨਹੀਂ ਪਰ ਇਸਦਾ ਇਹ ਭਾਵ ਵੀ ਨਹੀਂ ਕਿ ਜਿੰਨਾ ਚਿਰ ਆਰਥਿਕ ਤਬਦੀਲੀ ਨਹੀਂ ਹੁੰਦੀ ਓਨੀ ਦੇਰ ਪੁਰਾਤਨ ਸਥਾਪਿਤ ਸਦਾਚਾਰਕ ਸੰਬੰਧਾਂ ਨੂੰ ਪ੍ਰਵਾਨ ਕਰਨਾ ਹੀ ਯੋਗ ਹੈ। ਸੇਖੋਂ ਇਹੀ ਕਹਿੰਦਾ ਜਾਪਦਾ ਹੈ। ਪਰ ਉਸ ਦੀ ਮਾਰਕਸਵਾਦੀ ਸੰਸਾਰ ਦ੍ਰਿਸ਼ਟੀ ਏਥੇ ਸਾਰੀ ਸਮੱਸਿਆ ਨੂੰ ਸਮਾਜ-ਸ਼ਾਸਤਰੀ ਪੱਖੋਂ ਸਪਸ਼ਟ ਭਾਂਤ ਨਹੀਂ ਖੋਲ੍ਹ ਸਕੀ। ਕਿਸੇ ਸੰਬੰਧ ਦੀ ਸਥਾਪਨਾ ਦੀ ਸੰਭਾਵਨਾ ਉਸਨੂੰ ਅਗਰਗਾਮੀ ਸਦਾਚਾਰ ਨਹੀਂ ਬਣਾ ਦੇਂਦੀ। ਜੇ ਅਜਿਹਾ ਹੀ ਹੋਵੇ ਤਾਂ ਫਿਰ ਸਮੁੱਚੇ ਅਗਰ-ਗਾਮੀ ਸਾਹਿਤ ਨੂੰ ਪ੍ਰਚਲਿਤ ਪ੍ਰਬੰਧ ਵਿਰੁਧ ਪ੍ਰਤੀਕਾਰਥੀ ਨਿੱਜੀ ਵਿਦਰੋਹ ਚਿਤਰਣ ਤੋਂ ਸੰਕੋਚ ਕਰਨਾ ਚਾਹੀਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਅਜਿਹਾ ਵਿਦਰੋਹ, "ਸੰਭਵ ਅਤੇ ਯੋਗ" ਨਾ ਹੋਵੇ। ਸੇਖੋਂ ਆਪਣੀ ਦਲੀਲ ਰਾਹੀਂ ਕਿਸ ਅਜੀਬ ਨੁਕਤੇ 'ਤੇ ਪਹੁੰਚ ਗਿਆ ਹੈ ਇਸ ਬਾਰੇ ਹੋਰ ਕਹਿਣ ਦੀ ਲੋੜ ਨਹੀਂ। ਉਹ 'ਉਪਭਾਵਕ ਆਲੋਚਕਾਂ' ਨੂੰ ਇਸ ਪ੍ਰੇਮ ਸੰਬੰਧ ਦੇ ਵਿਅਕਤੀਗਤ ਚ੍ਰਿਤਰ ਬਾਰੇ ਦ੍ਰਿੜ੍ਹ ਕਰਵਾਂਦਾ ਹੋਇਆ ਇਸ ਨੂੰ 'ਸਮਾਜਕ ਵਿਕਾਸ ਦਾ ਸਵਾਲ ਨਹੀਂ ਸਮਝਦਾ', 'ਇਨਕਲਾਬ

ਦਾ ਤਾਂ' ਬਿਲਕੁਲ ਹੀ ਨਹੀਂ । ਉਪਭਾਵਕ ਆਲੋਚਕਾਂ ਨੂੰ ਚੇਤਾਵਨੀ ਬਜਾ ਪਰ ਇਸ ਤਰ੍ਹਾਂ ਸੇਖੋਂ ਦੀ ਇਹ ਤਾੜਨਾ ਅਤੇ ਧਾਰਨਾ ਸਥਾਪਿਤ ਸਦਾਚਾਰ ਦਾ ਸਮਰਥਨ ਹੋ ਨਿਬੜਦੀ ਹੈ । ਸੇਖੋਂ ਅਨੁਸਾਰ "ਵਾਰਿਸ ਦੀ ਖਿੱਚੀ ਹੋਈ ਹੀਰ ਰਾਂਝੇ ਦੇ ਇਸ਼ਕ ਦੀ ਤਸਵੀਰ ਆਦਰਸ਼ਕ ਹੈ, ਝੂਠੀ ਹੈ, ਮਨੁੱਖ ਨੂੰ ਭੁਲੇਖਾ ਪਾਣ ਵਾਲੀ ਹੈ ।"

ਏਥੇ ਮੱਧਕਾਲੀ ਸਮਾਜ ਪ੍ਰਬੰਧ ਦੇ ਅੰਦਰ ਪਲ ਰਹੇ ਨਵੇਂ ਆਰਥਿਕ ਜਾਂ ਸਮਾਜ ਪ੍ਰਬੰਧ ਦੀ ਅਣਹੋਂਦ ਦੀ ਗੱਲ ਨੂੰ ਮੁੱਖ ਰਖਕੇ ਅਸੀਂ ਸੇਖੋਂ ਨਾਲ ਸਹਿਮਤ ਹਾਂ ਕਿ ਜਿਸ ਸਮੇਂ ਦੇ ਸਮਾਜ ਦੇ ਪ੍ਰਬੰਧ ਦੇ ਸੰਦਰਭ ਵਿਚ ਹੀਰ ਰਾਂਝੇ ਦਾ ਪ੍ਰੇਮ ਸੰਬੰਧ ਬਣਿਆ ਉਸ ਪ੍ਰਬੰਧ ਵਿਚ ਨਵੇਂ ਸਮਾਜਕ ਵਰਤਾਰੇ ਦੇ ਹੋਂਦ ਵਿਚ ਆ ਸਕਣ ਦੀ ਸੰਭਾਵਨਾ ਨਹੀਂ ਸੀ । ਪਰ ਏਥੇ ਸੁਆਲ ਇਸ ਨਵੇਂ ਵਰਤਾਰੇ/ਵਸੇਬੇ ਦੇ ਹੋਂਦ ਵਿਚ ਆ ਸਕਣ ਦੀ ਸੰਭਾਵਨਾ ਦਾ ਨਹੀਂ ਸਗੋਂ ਸਥਾਪਿਤ ਵਸੇਬੇ ਵਿਚਲੇ ਸਦਾਚਾਰ ਦੀ ਘੁਟਣ ਵਿਰੁਧ ਵਿਦਰੋਹ ਕਰ ਸਕਣ ਦਾ ਹੈ । ਭਾਵੇਂ ਹੀਰ ਰਾਂਝੇ ਸਾਹਮਣੇ ਕੋਈ ਹੋਰ ਨਵਾਂ ਮੁੱਲ ਵਿਧਾਨ/ਨੈਤਿਕਤਾ ਨਹੀਂ ਸੀ ਪਰ ਇਸ ਨੈਤਿਕਤਾ ਅੱਗੇ ਹਥਿਆਰ ਸੁਟਣਾ ਵੀ ਤਾਂ ਉਨ੍ਹਾਂ ਲਈ ਉਚਿਤ ਨਹੀਂ ਸੀ । ਰਾਂਝੇ ਦਾ ਨੱਸਣ ਤੋਂ ਇਨਕਾਰ ਜਾਂ ਉਸ ਦਾ ਹੀਰ ਪ੍ਰਤੀ ਅਧਿਕਾਰ (ਪਹਿਲੀ, ਕਹੀ ਜਾਂਦੀ, ਮੰਗਣੀ ਦੇ ਆਧਾਰ 'ਤੇ) ਵੱਖਰਾ ਮਹੱਤਵ ਰਖਦੇ ਹਨ ਤੇ ਉਨ੍ਹਾਂ ਦੇ ਸੰਬੰਧਾਂ ਦੇ ਮੂਲ ਚ੍ਰਿਤਰ ਨੂੰ ਨਹੀਂ ਬਦਲਦੇ ਜਿਸ ਤਰ੍ਹਾਂ ਕਿ ਸੇਖੋਂ ਕਹਿੰਦਾ ਹੈ । ਸੇਖੋਂ ਇਹ ਲੋਚਦਾ ਪ੍ਰਤੀਤ ਹੁੰਦਾ ਹੈ ਕਿ ਹੀਰ ਰਾਂਝੇ ਦਾ ਪ੍ਰੇਮ ਸੰਬੰਧ ਸਥਾਪਿਤ ਸਦਾਚਾਰ ਨੂੰ ਭੰਗ ਕਰਨ ਵਾਲਾ ਅਨਾਚਾਰੀ ਨਾ ਰਹੇ ਸਗੋਂ ਸਥਾਪਿਤ ਸਦਾਚਾਰ ਦੇ ਸਮਰਥਨ ਹਿਤ ਅਧਿਕਾਰ ਜਾਂ ਭਾਵਨਾ ਪਾਲਣ ਤੋਂ ਲਾਂਭੇ ਹੋ ਜਾਏ । ਇਹ ਸੰਕਲਪ ਸਾਹਿਤ ਦੇ ਮਾਰਕਸਵਾਦੀ ਸੰਕਲਪ ਦੇ ਕਿੰਨਾ ਕੁ ਨੇੜੇ ਹੈ, ਇਹਦੇ ਬਾਰੇ ਬਹੁਤਾ ਕਹਿਣ ਦੀ ਲੋੜ ਨਹੀਂ ।

ਏਥੇ ਸੇਖੋਂ ਦੇ ਇਸ ਵਿਚਾਰ ਨੂੰ ਵਾਚਣਾ ਉਚਿਤ ਹੋਵੇਗਾ : "ਉਸ ਸਮੇਂ ਦੇ ਇਨਕਲਾਬ (ਸਿੱਖ ਇਨਕਲਾਬ—ਅ. ਸ.) ਨੂੰ ਹਾਲੀ ਇਸਤਰੀ ਪੁਰਖ ਦੇ ਪਰਸਪਰ ਸੰਬੰਧਾਂ ਬਾਰੇ ਇਸ ਨਿਜ-ਵਾਦੀ ਇਸ਼ਕ ਦੀ ਸੂਝ ਨਹੀਂ ਸੀ, ਜੋ ਇਹ ਉਸ ਇਨਕਲਾਬ ਦਾ ਭਾਗ ਬਣ ਸਕਦਾ...ਹੀਰ ਰਾਂਝੇ ਦੇ ਇਸ਼ਕ ਵਿਚ ਉਸ ਸਮੇਂ ਦੇ ਇਨਕਲਾਬ ਦੇ ਨਕਸ਼ੇ ਵੇਖਣਾ ਇਕ ਤਰ੍ਹਾਂ ਦਾ ਭੰਗ ਦਾ ਨਸ਼ਾ ਚੜ੍ਹਾਣਾ ਹੈ, ਜੋ ਬਹੁਤ ਅਖਾਉਤੀ ਅਗਰਗਾਮੀ ਨੌਜਵਾਨ ਅੱਜ ਵੀ ਕਰੀ ਬੈਠੇ ਹਨ । ਤੇ ਪ੍ਰੋ: ਕਿਸ਼ਨ ਸਿੰਘ ਵੀ ਉਸੇ ਕੱਚੀ ਜਵਾਨੀ ਦੀ ਅਵਸਥਾ ਵਿਚ ਮਖਮੂਰ ਰਹਿ ਰਿਹਾ ਜਾਪਦਾ ਹੈ ।" ਵਾਰਿਸ ਨੇ ਅਵਸ਼ ਹੀ ਹੀਰ ਰਾਂਝੇ ਦੇ ਇਸ਼ਕ ਨੂੰ ਸਿੱਖ ਇਨਕਲਾਬ ਦੇ ਸਹਿ-ਭਾਵੀ ਨਹੀਂ ਬਣਾਇਆ । ਇਸ ਲਈ ਰਚਨਾ ਤੋਂ ਬਾਹਰੇ ਇਨਕਲਾਬੀ ਕਾਰਜ ਨਾਲ ਹੀਰ ਦੇ ਇਸ਼ਕ ਦੀ ਤੁਲਨਾ ਏਸ ਇਸ਼ਕ ਦੇ ਚ੍ਰਿਤਰ ਨੂੰ ਸਮਝਣ ਵਿਚ ਬਹੁਤੀ ਸਹਾਇਤਾ ਨਹੀਂ ਕਰਦੀ । ਪਰ ਜੇ ਅਸੀਂ ਹੀਰ ਦੇ ਅੰਦਰਲੇ ਜਗਤ ਵਿਚ ਹੀਰ ਦੇ ਇਸ਼ਕ ਦੇ ਚ੍ਰਿਤਰ ਨੂੰ ਨਿਸ਼ਚਿਤ ਕਰਨਾ ਹੋਵੇ ਤਾਂ ਇਹਦੇ ਵਿਚੋਂ ਵਿਦਰੋਹੀ ਭਾਵਨਾ ਦੇ ਸੁਰ ਦੀਆਂ ਧੁਨੀਆਂ ਨੂੰ ਪਛਾਣਿਆ ਜਾ ਸਕਦਾ ਹੈ । ਵਾਰਿਸ ਦੀ ਜ਼ਾਤੀ ਜੀਵਨੀ ਦੀ ਘਟਨਾ ਤੋਂ ਹੁੰਦਿਆਂ ਵੀ ਹੀਰ ਦੇ ਇਸ਼ਕ ਦੇ ਚ੍ਰਿਤਰ ਨੂੰ ਵਾਰਿਸ ਦੇ ਸੁਚੇਤ ਸੰਕਲਪਾਂ ਤੋਂ ਵੱਖ ਕਰਨਾ ਜ਼ਰੂਰੀ ਹੈ ।

ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਹੋਇਆਂ ਵੀ ਸੇਖੋਂ ਵਾਰਿਸ ਦੀ ਵਡਿਆਈ ਤੋਂ ਇਨਕਾਰ

ਨਹੀਂ। ਉਹ **ਹੀਰ ਵਾਰਿਸ** ਨੂੰ ਆਪਣੇ ਸਮੇਂ ਦੇ ਸਮਾਜਕ, ਇਤਿਹਾਸਕ ਤੇ ਆਤਮਕ ਜੀਵਨ ਦੀ ਪ੍ਰਤੀਨਿਧਤਾ ਕਰਨ ਦੀ ਯੋਗਤਾ ਸਦਕਾ ਉਤਮ ਰਚਨਾ ਮੰਨਦਾ ਹੈ।

ਇਤਿਹਾਸਕ ਪੱਖੋਂ ਸੇਖੋਂ ਇਸ ਨੂੰ "ਮੁਗਲ ਰਾਜ ਦੀ ਅਧੋਗਤੀ ਦੀ ਮੂੰਹ ਬੋਲਦੀ ਤਸਵੀਰ" ਆਖਦਾ ਹੈ। ਅਸੀਂ ਸੇਖੋਂ ਦੀ ਇਸ ਧਾਰਨਾ ਬਾਰੇ ਪਹਿਲੇ ਹੀ ਵਿਚਾਰ ਕਰ ਆਏ ਹਾਂ। ਉਹ ਹੀਰ ਨੂੰ "ਉਸ ਸਮੇਂ ਦੇ ਮੁਸਲਮਾਨ ਸਮਾਜ ਵਿਚ ਪੇਂਡੂ ਲੋਕਾਂ ਦਾ ਵੀ ਪ੍ਰਤੀਨਿਧ ਚਿਤਰ" ਕਹਿੰਦਾ ਹੈ। ਨਾਲ ਹੀ ਉਸ ਅਨੁਸਾਰ "ਹੀਰ ਰਾਂਝੇ ਦੀ ਕਹਾਣੀ ਦੇ ਲੋਕ-ਪ੍ਰਵਾਨ ਹੋਣ ਦਾ ਇਕ ਸਬੱਬ ਸ਼ਾਇਦ ਇਹ (ਇਸਦੀ) ਹਿੰਦੂ ਮੁਸਲਮਾਨ ਦੋ ਰੰਗੀ ਵੀ ਹੈ।" ਜਿਸਦਾ ਆਧਾਰ ਉਸ ਵੇਲੇ ਦੇ ਨਵੇਂ ਬਣੇ ਮੁਸਲਮਾਨਾਂ ਵਲੋਂ ਹਿੰਦੂ ਰਹੁ ਰੀਤੀਆਂ ਨੂੰ ਮੰਨਣ ਵਿਚ ਹੈ। ਪਰ "ਸਭ ਤੋਂ ਵੱਡਾ ਕਾਰਨ ਹੀਰ ਦੇ ਲੋਕ ਪ੍ਰਵਾਨ ਹੋਣ ਦਾ ਇਹ ਹੈ ਕਿ ਇਸ ਵਿਚ ਉਸ ਸਮੇਂ ਦੇ ਲੋਕਾਂ ਦਾ ਵਿਸ਼ਾਦ-ਭਰਿਆ, ਰਸ ਰਹਿਤ ਜੀਵਨ ਚਿਤਰਿਆ ਗਿਆ ਹੈ। ਰਾਂਝੇ ਦਾ ਭਰਾਵਾਂ ਤੋਂ, ਖੇਤੀ ਤੋਂ ਉਪਰਾਮ" ("ਰਿਜ਼ਕ ਉਦਾਸ") ਹੋ ਕੇ ਘਰੋਂ ਨਿਕਲਣਾ, ਫਿਰ ਇਸ਼ਕ ਵਿਚ ਨਿਸਫਲ ਹੋ ਕੇ ਜੋਗੀ ਹੋਣਾ, ਰੰਗਪੁਰ ਵਿਚ ਹੀਰ ਦਾ ਉਪਰਾਮ ਜੀਵਨ, ਆਮ ਜੱਟਾਂ, ਜੱਟੀਆਂ ਦਾ ਜੀਵਨ ਉਸ ਸਮੇਂ ਦੀ ਗ਼ਰੀਬੀ ਦੀ ਤਸਵੀਰ ਹੀ ਤਾਂ ਹੈ।"

ਇਨ੍ਹਾਂ ਟੂਕਾਂ ਤੋਂ ਸਪਸ਼ਟ ਹੁੰਦਾ ਹੈ ਕਿ ਸੇਖੋਂ **ਹੀਰ** ਨੂੰ "ਮੁਸਲਮਾਨ ਸਮਾਜ ਵਿਚ ਪੇਂਡੂ ਲੋਕਾਂ ਦਾ ਪ੍ਰਤੀਨਿਧ ਚਿਤਰ" ਕਹਿਕੇ ਇਸ ਨੂੰ ਸਮੁੱਚੇ ਪੰਜਾਬੀ ਪੇਂਡੂ ਲੋਕਾਂ ਦਾ ਚਿਤਰ ਨਹੀਂ ਮੰਨਦਾ। ਉਹਦੇ ਵਲੋਂ "ਮੁਸਲਮਾਨ ਸਮਾਜ" ਦਾ ਜੋ ਸੰਕਲਪ ਪੂਰਵ ਮਿਥਿਤ ਧਾਰਨਾ ਵਜੋਂ —ਇਸ ਕਥਨ ਦੇ ਸੰਦਰਭ ਨੂੰ ਨਿਸਚਿਤ ਕਰਦਾ ਹੈ ਉਹ ਵਾਰਿਸ ਕਾਲ ਦੇ ਸਮਾਜਕ ਢਾਂਚੇ ਦੇ ਇਤਿਹਾਸਕ ਅਤੇ ਸੰਸਥਾਪਕ ਤੱਥਾਂ 'ਤੇ ਆਧਾਰਿਤ ਨਹੀਂ ਸਗੋਂ ਸੇਖੋਂ ਵਲੋਂ ਉਸ ਸਮੇਂ ਬਾਰੇ ਬਣੇ ਸੰਕਲਪ ਨੂੰ ਪ੍ਰਗਟਾਂਦਾ ਹੈ। ਵਾਰਿਸ ਕਾਲ ਦੇ ਸਮਾਜ ਨੂੰ ਹਿੰਦੂ ਅਤੇ ਮੁਸਲਮਾਨ ਸਮਾਜ ਵਿਚ ਵੰਡਿਆ ਹੋਇਆ ਮਿਥ ਕੇ ਸੇਖੋਂ ਨੇ ਹੀਰ ਦੇ ਮਹੱਤਵ ਨੂੰ ਨਿਸਚਿਤ ਕੀਤਾ ਹੈ। ਪਰ ਸੁਆਲ ਹੈ ਕਿ ਸਮਾਜ ਦੀ ਇਹ ਸੰਪਰ-ਦਾਇਕ ਵੰਡੀ ਕਿੰਨੀ ਕੁ ਠੀਕ ਹੈ ? ਅਤੇ ਕੀ ਹੀਰ ਦਾ ਮਹੱਤਵ ਸਿਰਫ਼ ਮੁਸਲਮਾਨ ਸਮਾਜ ਦੇ ਪੇਂਡੂ ਲੋਕਾਂ ਦੇ ਚਿਤਰ ਵਜੋਂ ਹੈ ਜਾਂ ਆਪਣੇ ਸਮੇਂ ਦੇ ਪੇਂਡੂ ਸਮਾਜ ਪ੍ਰਬੰਧ ਦੇ ਸਮੁੱਚੇ ਮੁੱਲ-ਵਿਧਾਨ ਅਤੇ ਇਸ ਵਿਚਲੇ ਤਣਾਓ ਦਾ ਚਿਤਰ ਹੋਣ ਕਰਕੇ ? ਸੇਖੋਂ ਆਪਣੀ ਏਸ ਸੰਪ੍ਰਦਾਇਕ ਵੰਡ ਬਾਰੇ ਕਿਸੇ ਭੁਲੇਖੇ ਵਿਚ ਨਹੀਂ ਕਿਉਂਕਿ ਜਦੋਂ ਉਹ ਹਿੰਦੂ ਰਹੁ-ਰੀਤੀਆਂ ਦੇ ਮੁਸਲਮਾਨ ਕਬੀਲਿਆਂ ਵਿਚ ਮਿਲਦੇ ਪ੍ਰਭਾਵ ਕਾਰਨ "ਹਿੰਦੂ ਮੁਸਲਮਾਨ ਦੋ ਰੰਗੀ" ਨੂੰ ਵੀ ਹੀਰ ਦੇ ਲੋਕ-ਪ੍ਰਵਾਨ ਹੋਣ ਦਾ ਕਾਰਨ ਮਿਥਦਾ ਹੈ ਤਾਂ ਉਹ ਇਕ ਅਧੀਨ ਲੱਛਣ ਨੂੰ ਮੁੱਖ ਲੱਛਣ ਦਾ ਸਥਾਨ ਦੇ ਕੇ ਹੀਰ ਦੇ ਮੂਲ ਮਹੱਤਵ ਨੂੰ ਵਿਰੂਪਿਤ ਕਰਨ ਦਾ ਭਾਗੀ ਬਣਦਾ ਹੈ।

ਪਰ "ਹੀਰ ਦੀ ਲੋਕ-ਪ੍ਰਵਾਨਗੀ ਦਾ ਜਿਹੜਾ ਸਭ ਤੋਂ ਵੱਡਾ ਕਾਰਨ" ਸੇਖੋਂ ਨੇ "ਉਸ ਸਮੇਂ ਦੇ ਲੋਕਾਂ ਦਾ ਵਿਸ਼ਾਦ-ਭਰਿਆ ਰਸ-ਰਹਿਤ ਜੀਵਨ" ਹੀਰ ਵਿਚ ਚਿਤਰਿਆ ਦਸਿਆ ਹੈ ਅਤੇ ਇਸ ਵਿਸ਼ਾਦ-ਭਰੇ ਅਤੇ ਰਸ-ਰਹਿਤ ਜੀਵਨ ਦੇ ਕਾਰਨ ਅਤੇ ਲੱਛਣ ਹਨ "ਰਾਂਝੇ ਦਾ ਭਰਾਵਾਂ ਤੋਂ, ਖੇਤੀ ਤੋਂ ਉਪਰਾਮ ("ਰਿਜ਼ਕ ਉਦਾਸ") ਹੋ ਕੇ ਘਰੋਂ ਨਿਕਲਣਾ, ਫਿਰ ਇਸ਼ਕ ਵਿਚ ਨਿਸਫਲ ਹੋ ਕੇ ਜੋਗੀ ਹੋਣਾ, ਰੰਗ ਪੁਰ ਵਿਚ ਹੀਰ ਦਾ ਉਪਰਾਮ ਜੀਵਨ, ਆਮ ਜੱਟਾਂ ਜੱਟੀਆਂ ਦਾ ਜੀਵਨ, ਉਸ ਸਮੇਂ ਦੀ ਗਰੀਬੀ" ਆਦਿ। ਸੁਆਲ ਇਹ ਹੈ ਕਿ ਵਿਸ਼ਾਦ-ਭਰੇ ਅਤੇ ਰਸ-ਰਹਿਤ ਜੀਵਨ ਤੋਂ

ਸੇਖੋਂ ਦਾ ਕੀ ਭਾਵ ਹੈ ? ਅਤੇ ਸੇਖੋਂ ਨੇ ਜਿਹੜੇ ਲੱਛਣ ਇਨ੍ਹਾਂ ਦੋ ਮੁੱਖ ਪੱਖਾਂ ਲਈ ਮਿਥੇ ਹਨ ਉਹ ਉਸ ਜੀਵਨ ਨੂੰ ਵਿਸ਼ਾਦ-ਭਰਿਆ ਤੇ ਰਸ-ਰਹਿਤ ਬਣਾਂਦੇ ਹਨ ਜਾਂ ਨਹੀਂ ? ਅਤੇ ਫਿਰ, ਜੇ ਮੰਨ ਵੀ ਲਈਏ ਕਿ ਇਹ ਲੱਛਣ ਵਿਸ਼ਾਦ ਅਤੇ ਰਸ-ਰਹਿਤ ਜੀਵਨ ਦੇ ਸੂਚਕ ਹਨ ਤਾਂ ਕੀ ਇਨ੍ਹਾਂ ਦਾ ਚਿੱਤਰ ਹੀਰ ਦੀ ਲੋਕ ਪ੍ਰਵਾਨਗੀ ਦਾ ਕਾਰਨ ਬਣ ਸਕਦਾ ਹੈ ?

ਵਿਸ਼ਾਦ ਦਾ ਅਜੋਕਾ ਅਰਥ ਨਿਸਚੇ ਹੀ ਮੱਧਕਾਲੀ ਸਦੰਰਭ ਵਿਚਲੇ ਵਿਸ਼ਾਦ ਦੇ ਅਰਥ ਨਾਲੋਂ ਵੱਖਰਾ ਹੈ। ਮੱਧਕਾਲੀ ਸੰਦਰਭ ਵਿਚ ਸੇਖੋਂ ਨੇ ਰਾਂਝੇ ਦੀ ਭਰਾਵਾਂ ਤੇ ਖੇਤੀ ਤੋਂ ਉਪਰਾਮਤਾ ਅਤੇ ਘਰੋਂ ਤੇ ਇਸ਼ਕ ਦੇ ਖੇਤਰ ਵਿਚ ਨਿਸਫਲਤਾ ਨੂੰ ਵਿਸ਼ਾਦ ਸਥਿਤੀ ਮੰਨਿਆ ਹੈ। ਪਰ ਕੀ ਰਾਂਝੇ ਦਾ ਇਹ ਵਿਸ਼ਾਦ ਮੱਧਕਾਲੀ ਸਮਾਜ ਵਿਚਲੇ ਮਨੁੱਖ ਦੇ ਵਿਸ਼ਾਦ ਦਾ ਪ੍ਰਤੀਨਿਧ ਲੱਛਣ ਅਖਵਾ ਸਕਦਾ ਹੈ। ਸ਼ਾਇਦ ਹੀਰ ਵਿਚਲੇ ਸਮਾਜ-ਪ੍ਰਬੰਧ ਦੇ ਸੰਦਰਭ ਰਾਹੀਂ ਰਾਂਝੇ ਅਤੇ ਹੀਰ ਦਾ ਵਿਸ਼ਾਦ ਵਾਮਨ ਰੂਪ ਵਿਚ ਆਪਣੇ ਸਮੇਂ ਦੇ ਵਿਸ਼ਾਦ ਨੂੰ ਪ੍ਰਤੀਨਿਧਤਵ ਦੇਂਦਾ ਹੈ । ਪਰ ਕੀ ਇਹ ਵਿਸ਼ਾਦ ਮੱਧਕਾਲੀ ਸਮਾਜ ਅਤੇ ਰਿਸ਼ਤਿਆਂ ਦਾ ਚਿਹਨ ਚਿਤ੍ਰ ਕਿਹਾ ਜਾ ਸਕਦਾ ਹੈ ? ਸ਼ਾਇਦ ਕਿੱਸਾ ਸਾਹਿਤ ਦੀਆਂ ਰੀਤੀਆਂ ਵਿਚ ਇਹ ਵਿਸ਼ਾਦ ਉਹ ਰੂਪ ਧਾਰਨ ਕਰਨ ਦੇ ਸਮਰੱਥ ਨਹੀਂ ਜਿਹੜਾ ਰੂਪ ਆਧੁਨਿਕ ਚੇਤਨਾ ਅਤੇ ਚਿੰਤਨ ਨੂੰ ਪ੍ਰਵਾਨ ਹੋਵੇ ਅਤੇ ਸੁਹਜ-ਅਰਥ ਪ੍ਰਾਪਤ ਕਰ ਸਕੇ। ਇਸ ਲਈ ਇਹਦੇ ਸੁਹਜ ਨੂੰ ਕਿੱਸਾ ਸਾਹਿਤ ਦੀ ਰੀਤੀ ਦੇ ਸੰਦਰਭ ਵਿਚ ਹੀ ਉਹ ਮੁਹਾਂਦਰਾ ਪ੍ਰਾਪਤ ਹੋ ਸਕਦਾ ਹੈ ਜਿਹੜਾ ਇਸ ਦੇ ਸਾਹਿਤਕ ਅਤੇ ਸਮਾਜ ਸ਼ਾਸਤ੍ਰੀ ਮਹੱਤਵ ਨੂੰ ਨਿਸਚਿਤ ਕਰੇ। ਇਸ ਪੱਖੋਂ ਸੇਖੋਂ ਨੇ ਮੱਧਕਾਲੀ ਚੇਤਨਾ ਦੇ ਸੰਦਰਭ ਵਿਚ ਇਸ ਵਿਸ਼ਾਦ ਨੂੰ ਨਹੀਂ ਪਛਾਣਿਆ ਸਗੋਂ ਉਸ ਵਿਸ਼ਾਦ ਨੂੰ "ਜੱਟਾਂ ਅਤੇ ਜੱਟੀਆਂ" ਦੀ ਸਭਿਆਚਾਰਕ ਅਤੇ ਸੰਸਕ੍ਰਿਤਕ "ਗਰੀਬੀ" ਕਹਿ ਕੇ ਆਧੁਨਿਕ ਯੁਗ-ਦ੍ਰਿਸ਼ਟੀ ਤੋਂ ਖੇਦ ਪ੍ਰਗਟ ਕੀਤਾ ਹੈ ਤੇ ਇਸ ਤਰ੍ਹਾਂ ਅਚੇਤ ਰੂਪ ਵਿਚ ਕਿੱਸਾਕਾਰ ਕੋਲੋਂ ਅਜਿਹੇ ਚਿੰਤਨ ਅਤੇ ਚੇਤਨਾ ਦੀ ਮੰਗ ਕੀਤੀ ਹੈ ਜਿਹੜੀ ਆਧੁਨਿਕ ਸਾਹਿਤ-ਰੀਤੀਆਂ ਦੀ ਮੂਲ ਪਛਾਣ ਹੈ। ਮੱਧਕਾਲੀ ਕਿੱਸਾ ਸਾਹਿਤ ਕੋਲੋਂ ਅਜਿਹੀ ਸੰਭਾਵਨਾ ਦੀ ਮੰਗ ਮਾਰਕਸਵਾਦੀ ਦ੍ਰਿਸ਼ਟੀ ਤੋਂ ਉਚਿਤ ਨਹੀਂ।

---

[476, ਮਾਡਲ ਟਾਊਨ, ਲੁਧਿਆਣਾ]

## ਸਭਿਆਚਾਰ ਦੇ ਮਸਲੇ/ਸੁਰਜੀਤ ਗਿੱਲ

ਕਿਸੇ ਦੇਸ਼ ਅੰਦਰ ਜਮਹੂਰੀ ਤੇ ਸਮਾਜਵਾਦੀ ਲਹਿਰ ਦੇ ਵਿਕਾਸ ਲਈ ਕਿਸੇ ਮਜ਼ਦੂਰ ਪਾਰਟੀ ਵਲੋਂ ਆਪਣੀਆਂ ਆਰਥਿਕ ਤੇ ਰਾਜਸੀ ਨੀਤੀਆਂ ਘੜਨ ਅਤੇ ਵਿਸ਼ੇਸ਼ ਕਰਕੇ ਕਲਾ ਤੇ ਸਾਹਿਤ ਨੂੰ ਅਪਣੇ ਘੋਲ ਦੇ ਸਹਾਇਕ ਵਜੋਂ ਵਰਤਣ ਲਈ ਜ਼ਰੂਰੀ ਹੈ ਕਿ ਉਸ ਦੇਸ ਦੇ ਸਭਿਆਚਾਰ (Culture) ਦੀ ਡੂੰਘੀ ਪੁਣ ਛਾਣ ਕੀਤੀ ਜਾਵੇ। ਉਸਦੇ ਮਸਲਿਆਂ ਨੂੰ ਸਮਝਿਆ ਤੇ ਹੱਲ ਲਭਿਆ ਜਾਵੇ। ਉਹਦੇ ਜਮਾਤੀ ਲਛਣਾਂ ਨੂੰ ਉਜਾਗਰ ਕਰਕੇ ਵਿਕਸਿਤ ਕੀਤਾ ਜਾਵੇ, ਅਤੇ ਗੈਰ-ਜਮਾਤੀ ਲਛਣਾਂ ਨੂੰ ਨਿਖੇੜਕੇ ਰੱਦ ਕੀਤਾ ਜਾਵੇ। ਜਿੰਨੇ ਚੰਗੇ ਢੰਗ ਤੇ ਸੁਚੱਜਤਾ ਨਾਲ ਕੋਈ ਮਜ਼ਦੂਰ ਪਾਰਟੀ ਇਹ ਕੰਮ ਨੇਪਰੇ ਚਾੜ੍ਹੇਗੀ ਉਨੀ ਹੀ ਉਸ ਦੀ ਅਪਣੇ ਦੇਸ਼ ਦੀਆਂ ਲੋਕ-ਪੱਖੀ ਸ਼ਕਤੀਆਂ ਉਤੇ ਪਕੜ ਮਜ਼ਬੂਤ ਹੋਵੇਗੀ। ਪਰੰਤੂ ਪੰਜਾਬ ਵਿਚ ਇਸ ਸਵਾਲ ਨੂੰ ਉੱਕਾ ਹੀ ਅੱਖੋਂ ਪਰੋਖੇ ਕੀਤਾ ਹੋਇਆ ਹੈ। ਪੰਜਾਬੀ ਬੁਧੀਜੀਵੀਆਂ ਤੇ ਖਾਸ ਕਰਕੇ ਮਾਰਕਸਵਾਦੀ ਬੁਧੀਜੀਵੀਆਂ ਨੇ ਉੱਕਾ ਹੀ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ। ਕੋਈ ਵੀ ਲਿਖਤ ਇਸ ਪਾਸੇ ਵਲ ਸੰਕੇਤ ਕਰਦੀ ਨਹੀਂ ਮਿਲਦੀ।

ਪਿਛੇ ਜਿਹੇ ਦ੍ਰਿਸ਼ਟੀ (ਅਕਤੂਬਰ 1976) ਨੇ ਪੰਜਾਬੀ ਸਭਿਆਚਾਰ ਬਾਰੇ ਇਕ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਸੀ। ਉਸ ਵਿਚ ਹਰਜੀਤ ਸਿੰਘ ਨੇ ਆਪਣੇ ਲੇਖ ਦਾ ਸਿਰਲੇਖ ਤਾਂ "ਲੋਕ-ਸਭਿਆਚਾਰ—ਸਿਧਾਂਤਕ ਚਰਚਾ" ਦਿੱਤਾ ਸੀ ਪਰੰਤੂ ਉਹ ਕਿਸੇ ਬੁਨਿਆਦੀ ਸਿਧਾਂਤਕ ਸਵਾਲ ਨੂੰ ਉਠਾਉਣ ਦੀ ਥਾਂ ਚਲੰਤ ਸਭਿਆਚਾਰ ਦਾ ਬਾਹਰਮੁਖੀ ਵਰਨਣ ਹੀ ਹੋ ਨਿਬੜਿਆ। ਸੁਰਜੀਤ ਹਾਂਸ, ਜੋ ਆਪਣੇ ਆਪ ਨੂੰ ਅਕਸਰ ਮਾਰਕਸੀ ਬੁਧੀਜੀਵੀ ਵਜੋਂ ਪੇਸ਼ ਕਰਦਾ ਹੈ, ਕਿਸੇ ਬੁਨਿਆਦੀ ਸਵਾਲ ਨੂੰ ਛੋਹਣ ਦੀ ਥਾਂ ਚਲੰਤ-ਚਰਚਾ ਕਰਕੇ ਹੀ ਰਹਿ ਗਿਆ। ਉਹਨੇ ਅਪਣੇ ਲੇਖ ਵਿਚ ਮਸਲੇ ਵਲ ਮਾਰਕਸਵਾਦੀ ਪਹੁੰਚ ਦਾ ਉੱਕਾ ਹੀ ਪ੍ਰਗਟਾਵਾ ਨਹੀਂ ਕੀਤਾ। ਜਦੋਂ ਅਖੌਤੀ ਮਾਰਕਸਵਾਦੀ ਬੁਧੀਜੀਵੀਆਂ ਦਾ ਇਹ ਹਾਲ ਹੈ ਤਾਂ ਵਿਚਾਰੇ ਹਰਜੀਤ ਸਿੰਘ ਨੂੰ ਕੀ ਦੋਸ਼ ਦਿਤਾ ਜਾ ਸਕਦਾ ਹੈ।

ਇਸ ਮਸਲੇ ਬਾਰੇ ਸਾਡੇ ਨਾਲੋਂ ਪਛਮੀ ਪੰਜਾਬ ਦੇ ਬੁਧੀਜੀਵੀ ਵੱਧ ਚੇਤਨ ਤੇ ਸਿਆਣੇ ਹਨ। ਪਿਛੇ ਜਿਹੇ ਇਕ ਪਛਮੀ ਪੰਜਾਬੀ ਬੁਧੀਜੀਵੀ ਜਨਾਬ ਸੁਜਾਉਲ ਹੱਕ ਲਾਹੌਰੀ ਨੇ ਇਕ ਲੇਖ (ਸੇਧ-ਨਵੰਬਰ 1976) "ਸਾਡੇ ਦੇਸ਼ ਵਿਚ ਦੇਸੀ ਰਹਿਤਲ ਦੀਆਂ ਪਿਰਤਾਂ" ਸਿਰਲੇਖ ਹੇਠ ਲਿਖਿਆ ਸੀ ਜਿਹੜਾ ਇਸ ਪਾਸੇ ਵਲ ਪਹਿਲਾ ਸਾਰਥਕ ਯਤਨ ਕਿਹਾ ਜਾ ਸਕਦਾ ਹੈ।

ਮਾਰਕਸਵਾਦੀ ਦਰਸ਼ਨ ਅਨੁਸਾਰ 'ਸਭਿਆਚਾਰ, ਇਤਿਹਾਸ ਦੇ ਵਿਕਾਸ ਸਮੇਂ ਸਮਾਜ ਵਲੋਂ ਉਪਜਾਈਆਂ ਗਈਆਂ ਸਾਰੀਆਂ ਪਦਾਰਥਕ ਤੇ ਆਤਮਕ ਕਦਰਾਂ, ਉਹਨਾਂ ਨੂੰ ਉਪਜਾਉਣ, ਇਸਤੇਮਾਲ ਕਰਨ ਤੇ ਅੱਗੇ ਦੇਣ ਦੇ ਸਾਧਨ ਦਾ ਨਾਂ ਹੈ। ਵਿਸ਼ੇਸ਼ ਕਰਕੇ ਇਹ ਉਹ ਕਲਾਵਾਂ ਤੇ ਤਕਨੀਕਾਂ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਮਨੁਖ ਜਾਤੀ ਅਪਣੇ ਤਜਰਬਿਆਂ ਤੇ ਆਸਾਂ-ਉਮੰਗਾਂ ਦਾ

ਪ੍ਰਗਟਾਵਾ ਕਰਦੀ ਹੈ। ਸਭਿਆਚਾਰ ਦਾ ਵਰਨਣ ਕਰਦਿਆਂ ਪਦਾਰਥਕ ਸਭਿਆਚਾਰ ਅਤੇ ਆਤਮਕ ਸਭਿਆਚਾਰ ਵਿਚਾਲੇ ਵੀ ਨਿਖੇੜਾ ਕੀਤਾ ਜਾਂਦਾ ਹੈ। ਸਭਿਆਚਾਰ ਇਕ ਇਤਿਹਾਸਕ ਅਮਲ ਹੈ ਅਤੇ ਇਸ ਦੇ ਵਿਕਾਸ ਦਾ ਨਿਰਣਾ ਸਮਾਜਕ ਤੇ ਆਰਥਿਕ ਬਣਤਰਾਂ ਕਰਦੀਆਂ ਹਨ। ਮਾਰਕਸਵਾਦ ਪਦਾਰਥਕ ਵਸਤਾਂ ਦੀ ਉਪਜ ਨੂੰ ਆਤਮਕ ਸਭਿਆਚਾਰ ਦਾ ਸੋਮਾ ਸਮਝਦਾ ਹੈ। ਇਹ ਜਨਸਮੂਹ ਦੀ ਸਰਗਰਮੀ ਦੀ ਉਪਜ ਹੁੰਦਾ ਹੈ। ਬੇਸ਼ਕ ਇਸ ਦਾ ਆਧਾਰ ਪਦਾਰਥਕ ਤੱਤ ਹੁੰਦੇ ਹਨ, ਪਰੰਤੂ ਆਤਮਕ ਸਭਿਆਚਾਰ ਅਪਣੇ ਆਪ ਹੀ ਪਦਾਰਥਕ ਸਭਿਆਚਾਰ ਅਨੁਸਾਰ ਤਬਦੀਲ ਨਹੀਂ ਹੁੰਦਾ। ਕਿਉਂਕਿ ਇਹ ਵਿਕਾਸ ਦੀ ਲਗਾਤਾਰੀ ਤੇ ਨਿਸਬਤਨ ਸੁਤੰਤਰਤਾ ਵੀ ਰਖਦਾ ਹੈ। ਇਸ ਉਤੇ ਦੂਜੇ ਲੋਕਾਂ ਦੇ ਸਭਿਆਚਾਰਾਂ ਦਾ ਪ੍ਰਭਾਵ ਵੀ ਪੈਂਦਾ ਹੈ। ਕਿਸੇ ਜਮਾਤੀ ਵੰਡ ਦੇ ਸਮਾਜ ਵਿਚ ਸਭਿਆਚਾਰ ਅਪਣੇ ਵਿਚਾਰਧਾਰਕ ਲਛਣਾਂ ਤੇ ਅਮਲੀ ਵਰਤਾਰੇ ਵਿਚ ਜਮਾਤੀ ਖਾਸਾ ਧਾਰਨ ਕਰ ਲੈਂਦਾ ਹੈ। ਸਰਮਾਏਦਾਰੀ ਅਧੀਨ ਕੌਮੀ ਸਭਿਆਚਾਰ ਦੋ ਅੱਡੋ ਅੱਡ ਸਭਿਆਚਾਰਾਂ ਵਿਚ ਵੰਡਿਆ ਹੁੰਦਾ ਹੈ। ਜਿਸ ਵਿਚ ਇਕ ਪਾਸੇ ਭਾਰੂ ਬੁਰਜਵਾ ਸਭਿਆਚਾਰ ਹੁੰਦਾ ਹੈ ਅਤੇ ਇਸ ਦੇ ਨਾਲ ਘੱਟ ਵੱਧ ਵਿਕਸਿਤ ਜਮਹੂਰੀ ਤੇ ਸਮਾਜਵਾਦੀ ਸਭਿਆਚਾਰ ਦੇ ਅੰਸ਼ ਹੁੰਦੇ ਹਨ, ਜਿਹੜੇ ਦਬੀਆਂ ਜਮਾਤਾਂ ਦੇ ਸਭਿਆਚਾਰ ਦੇ ਪ੍ਰਤੀਕ ਹੁੰਦੇ ਹਨ। ਇਥੇ ਬੁਰਜਵਾ ਸਮਾਜ ਦੇ ਸਭਿਆਚਾਰ ਤੇ ਬੁਰਜਵਾ ਸਭਿਆਚਾਰ ਵਿਚਾਲੇ ਅੰਤਰ ਦੇਖਣਾ ਵੀ ਜ਼ਰੂਰੀ ਹੈ। ਸਮਾਜਵਾਦੀ ਸਭਿਆਚਾਰ ਜਿਹੜਾ ਕਿ ਪਿਛੋਕੜ ਦੇ ਸਮੁਚੇ ਵਿਕਾਸ ਦਾ ਵਾਰਿਸ ਹੁੰਦਾ ਹੈ, ਬੁਰਜਵਾ ਸਭਿਆਚਾਰ ਤੋਂ ਉੱਕਾ ਹੀ ਵੱਖਰਾ ਹੋਵੇਗਾ। ਪਰੰਤੂ ਇਹ ਸਮਾਜਵਾਦੀ ਸਭਿਆਚਾਰ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਚਿਤਵਿਆ ਵੀ ਨਹੀਂ ਜਾ ਸਕਦਾ ਜਿਸ ਦਾ ਮੁਖੀ ਤੱਤ ਸਭਿਆਚਾਰਕ ਇਨਕਲਾਬ ਹੁੰਦਾ ਹੈ।' [A Dictionary of Philosophy-pp 106-7]

ਸਭਿਆਚਾਰ ਦੀ ਉਪਰੋਕਤ ਮਾਰਕਸੀ ਵਿਆਖਿਆ ਅਨੁਸਾਰ ਸਾਡੇ ਸਾਹਮਣੇ ਕੁਝ ਸਵਾਲ ਉਠਦੇ ਹਨ ਕਿ ਕੀ ਸਭਿਆਚਾਰ ਦੀ ਇਹ ਪਰਿਭਾਸ਼ਾ ਸਾਡੇ ਪੰਜਾਬੀ ਸਭਿਆਚਾਰ ਉਤੇ ਲਾਗੂ ਹੁੰਦੀ ਹੈ? ਜੇ ਹੁੰਦੀ ਹੈ ਤਾਂ ਕਿਵੇਂ?—ਜਿਥੇ ਮੁਖ ਤੌਰ 'ਤੇ ਇਹ ਪਰਿਭਾਸ਼ਾ ਮੋਟੇ ਤੌਰ 'ਤੇ ਦਰੁਸਤ ਹੈ, ਉਥੇ ਇਸ ਨੂੰ ਇਸੇ ਰੂਪ ਵਿਚ ਸਾਡੀ ਸਥਿਤੀ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਕਿਉਂਕਿ ਸਾਡੇ ਅਪਣੇ ਅਜੋਕੇ ਸਭਿਆਚਾਰ ਨੂੰ ਨਿਰੋਲ ਬੁਰਜਵਾ ਸਭਿਆਚਾਰ ਨਹੀਂ ਕਿਹਾ ਜਾ ਸਕਦਾ। ਬਲਕਿ ਇਉਂ ਕਹਿਣਾ ਦਰੁਸਤ ਹੋਵੇਗਾ ਕਿ ਹਾਲੇ ਬੁਰਜਵਾ ਸਭਿਆਚਾਰ ਵਿਕਸਿਤ ਨਹੀਂ ਹੋਇਆ ਅਤੇ ਸਾਡੇ ਸਭਿਆਚਾਰ ਵਿਚ ਬਹੁਤੇ ਤੱਤ ਫਿਊਡਲ ਸਭਿਆਚਾਰ ਦੇ ਹਨ। **ਇਸ ਲਈ ਸਾਡੇ ਅਜੋਕੇ ਸਭਿਆਚਾਰ ਨੂੰ ਜਗੀਰਦਾਰੀ-ਬੁਰਜਵਾ ਮਿਸ਼ਰਿਤ ਸਭਿਆਚਾਰ ਕਹਿਣਾ ਦਰੁਸਤ ਹੋਵੇਗਾ ਜਿਹੜਾ ਕਿ ਸ਼ਹਿਰਾਂ ਵਿਚ ਤੇਜ਼ੀ ਨਾਲ ਬੁਰਜਵਾ ਖਾਸਾ ਧਾਰਨ ਕਰ ਰਿਹਾ ਹੈ ਤੇ ਪਿੰਡਾਂ ਵਿਚ ਹਾਲੇ ਵੀ ਫਿਊਡਲ ਸਭਿਆਚਾਰ ਭਾਰੂ ਹੈ, ਬੇਸ਼ਕ ਉਹ ਹੌਲੀ ਹੌਲੀ ਭੁਰ ਰਿਹਾ ਹੈ।**

ਇਸ ਲਈ ਅਜਿਹੇ ਸਭਿਆਚਾਰ ਦੇ ਟਾਕਰੇ 'ਤੇ ਸਮਾਜਵਾਦੀ ਸਭਿਆਚਾਰ ਦੇ ਅੰਸ਼ ਉਭਰਨੇ ਮੁਸ਼ਕਿਲ ਹਨ। ਕਿਉਂਕਿ ਪਦਾਰਥਕ ਤੌਰ 'ਤੇ ਸਰਮਾਏਦਾਰੀ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ। ਆਰਥਿਕ ਖੇਤਰ ਵਿਚ ਹਾਲੇ ਵੀ ਜਗੀਰਦਾਰੀ ਭਾਰੂ ਹੈ। ਬੇਸ਼ਕ ਉਹ ਅਪਣੀ ਪੁਰਾਣੀ ਰਵਾਇਤੀ ਤਰਜ਼ੇ ਜ਼ਿੰਦਗੀ ਛਡਕੇ ਨਵੀਨ ਮਸ਼ੀਨੀਕਰਣ ਰਾਹੀਂ ਕਿਰਤ ਦੀ ਲੁੱਟ ਦਾ ਸਰਮਾਏਦਾਰ

ਰੂਪ ਧਾਰ ਰਹੀ ਹੈ। ਨਾਲ ਨਾਲ ਹੀ ਸਰਮਾਏਦਾਰ ਸਭਿਆਚਾਰ ਗ੍ਰਹਿਣ ਕਰ ਰਹੀ ਤੇ ਪਿੰਡਾਂ ਤਕ ਫੈਲਾ ਰਹੀ ਹੈ। ਇਸ ਤਰ੍ਹਾਂ ਜਿਥੇ ਇਕ ਪਾਸੇ ਫਿਊਡਲ ਸਭਿਆਚਾਰ 'ਤੇ ਸੱਟ ਪੈਂਦੀ ਹੈ ਅਤੇ ਉਹਦਾ ਭੁਰਨਾ ਤੇਜ਼ ਹੁੰਦਾ ਹੈ ਉਥੇ ਬੁਰਜਵਾ ਸਭਿਆਚਾਰ ਦੇ ਵਿਸ਼ੇਸ਼ ਤੱਤ ਵੀ ਪਿੰਡਾਂ ਤਕ ਉਪੜ ਰਹੇ ਹਨ। ਇਸ ਤਰ੍ਹਾਂ ਜਿਥੇ ਸੜਕਾਂ, ਬਿਜਲੀ, ਟਰੈਕਟਰ, ਰੇਡੀਉ ਤੇ ਫੈਸ਼ਨ, ਬੁਰਜਵਾ ਸਭਿਆਚਾਰ ਦੇ ਬਾਹਰ ਮੁਖੀ ਤੱਤ ਪਿੰਡਾਂ ਤਕ ਪੁਜ ਰਹੇ ਹਨ। ਆਤਮਕ ਤੌਰ 'ਤੇ ਬੁਰਜਵਾ ਸਭਿਆਚਾਰ ਦੇ ਪਹਿਲਾਂ ਸ਼ਹਿਰਾਂ ਵਿਚ ਕਾਫ਼ੀ ਵਧ ਚੁਕੇ ਭੈੜੇ ਤੱਤ, ਰੁਪਏ ਦੀ ਹਵਸ, ਕੁਰਪਸ਼ਨ, ਰਵਾਇਤੀ ਰਿਸ਼ਤਿਆਂ ਦਾ ਅਨਾਦਰ, ਆਤਮਕ ਕਦਰਾਂ ਦੀ ਥਾਂ ਪਦਾਰਥਕ ਕਦਰਾਂ ਦੀ ਖਿੱਚ ਆਦਿ ਵੀ ਪਿੰਡਾਂ ਤਕ ਪੁੱਜ ਰਹੇ ਹਨ। ਇਸ ਬੁਰਜਵਾ ਸਭਿਆਚਾਰਕ ਹਮਲੇ ਅਤੇ ਜਗੀਰੂ ਸਭਿਆਚਾਰ ਦੇ ਭੁਰਨ ਵਿਚ ਸਾਵਾਂਪਣ ਤੇ ਇਕ-ਸਾਰਤਾ ਨਹੀਂ। ਕਿਤੇ ਬੁਰਜਵਾ ਸਭਿਆਚਾਰ ਦਾ ਹੱਲਾ ਚੌਂਕਾ ਦੇਣ ਵਾਲੇ ਧਮਾਕੇ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਕਿਤੇ ਇਹ ਪ੍ਰਭਾਵ ਦਿਖਾਈ ਹੀ ਨਹੀਂ ਦਿੰਦਾ।

ਸਰਮਾਏਦਾਰੀ ਦੇ ਪਦਾਰਥਕ ਵਿਕਾਸ ਨਾਲ ਨਵੀਂ ਜਮਾਤੀ ਬਣਤਰ ਤੇ ਉਹਨਾਂ ਦੀ ਕਤਾਰ-ਬੰਦੀ ਸਾਹਮਣੇ ਆ ਰਹੀ ਹੈ। ਜਿਥੇ, ਇਕ ਪਾਸੇ ਸਰਮਾਏਦਾਰ, ਲਘੂ ਬੁਰਜਵਾ,ਨੀਵੀਂ-ਮਧ ਸ਼ਰੇਣੀ, ਸਨਅਤੀ ਮਜ਼ਦੂਰ ਤੇ ਲੰਪਟ ਪ੍ਰੋਲੇਤਾਰੀ ਜਮਾਤਾਂ ਸ਼ਹਿਰਾਂ ਵਿਚ ਉਭਰ ਰਹੀਆਂ ਹਨ। ਉਥੇ ਪਿੰਡਾਂ ਵਿਚ ਰਵਾਇਤੀ ਜਗੀਰਦਾਰ ਤੇ ਮੁਜ਼ਾਰੇ ਦੇ ਨਾਲ ਹੀ ਧਨੀ ਕਿਸਾਨ ਤੇ ਦਿਹਾੜੀਦਾਰ ਖੇਤ ਮਜ਼ਦੂਰ ਪੈਦਾ ਹੋ ਰਹੇ ਹਨ। ਨਾਲ ਹੀ ਥੋਹੜੇ ਥੋਹੜੇ ਅੰਤਰ ਨਾਲ ਇਹਨਾਂ ਜਮਾਤਾਂ ਦਾ ਸਭਿਆਚਾਰ (ਆਤਮਕ ਤੇ ਪਦਾਰਥਕ) ਆਪਣਾ ਰੂਪ ਧਾਰ ਰਿਹਾ ਹੈ।

ਅਜਿਹੀ ਸਥਿਤੀ ਵਿਚ ਪੰਜਾਬੀ ਬੁਧੀਜੀਵੀਆਂ ਤੇ ਸਭਿਆਚਾਰਕ ਖੇਤਰ ਦੇ ਕਾਮਿਆਂ ਲਈ ਜ਼ਰੂਰੀ ਹੈ ਕਿ ਉਹ ਬੁਰਜਵਾ ਸਭਿਆਚਾਰ ਦੇ ਪੈ ਰਹੇ ਡੂੰਘੇ ਪ੍ਰਭਾਵ ਦਾ ਬਰੀਕੀ ਨਾਲ ਤੇ ਇਕਸਾਰ ਮੁਤਾਲਿਆ ਕਰਨ। ਪੁਰਾਣੇ ਲੋਕ-ਸਭਿਆਚਾਰ ਦੇ ਕੀਮਤੀ ਵਿਰਸੇ ਦਾ ਵਿਸ਼ਲੇਸ਼ਣ ਕਰਕੇ ਉਹਦੇ ਲੋਕ ਪੱਖੀ ਖਾਸੇ ਨੂੰ ਓਪਰੇ ਪ੍ਰਭਾਵਾਂ ਤੋਂ ਬਚਾਉਣ ਤੇ ਉਹਨੂੰ ਉਸਦੇ ਕੌਮੀ ਸੁਭਾਅ ਅਨੁਸਾਰ ਨਵਿਆਉਣ ਤੇ ਵਿਕਸਿਤ ਕਰਨ। ਪੁਰਾਣੇ ਸਾਹਿਤਕ ਵਿਰਸੇ ਨੂੰ ਨਵੇਂ ਲੋਕ-ਪੱਖੀ ਤੇ ਫਿਊਡਲ ਵਿਰੋਧੀ ਅਰਥ ਦੇਣ। ਪੁਰਾਣੇ ਰਸਮਾਂ ਰਿਵਾਜਾਂ ਤੇ ਕਾਰ ਵਿਹਾਰ ਤੋਂ ਫਿਊਡਲ ਗਰਦ ਝਾੜਕੇ ਉਹਨਾਂ ਨੂੰ ਨਵੀਂ ਜਮਹੂਰੀ ਦਿਖ ਪ੍ਰਦਾਨ ਕਰਨ। ਪੁਰਾਣੀਆਂ ਲੋਕ ਕਥਾਵਾਂ, ਤਮਾਸ਼ੇ, ਨਕਲਾਂ, ਸਾਂਗਾਂ ਤੇ ਬਹਿਰੂਪਾਂ ਨੂੰ ਫਿਊਡਲ ਦੀ ਚਾਕਰੀ ਤੋਂ ਮੁਕਤ ਕਰਾਕੇ ਲੋਕਾਂ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨ ਤੇ ਉਹਨਾਂ ਨੂੰ ਦਮਨ ਵਿਰੋਧੀ ਸੰਘਰਸ਼ ਦਾ ਸਾਧਨ ਬਣਾਉਣ।

ਇਸ ਤਰ੍ਹਾਂ ਪਦਾਰਥਕ ਸਥਿਤੀਆਂ ਵਿਚੋਂ ਨਿਕਲਿਆ ਆਤਮਕ ਸਭਿਆਚਾਰ ਜਿਥੇ ਰੂਪ ਦੇ ਪੱਖੋਂ ਕੌਮੀ ਹੋਵੇਗਾ, ਉਥੇ ਖਾਸੇ ਦੇ ਪਖੋਂ ਲੋਕ-ਜਮਹੂਰੀ ਹੋਵੇਗਾ। ਇਹ ਇਕੋ ਸਮੇਂ ਫਿਊਡਲ ਵਿਰੋਧੀ ਵੀ ਹੋਵੇਗਾ, ਉਥੇ ਫਿਊਡਲ ਦੇ ਸਮੇਂ ਦੇ ਲੋਕ ਵਿਰਸੇ ਦਾ ਵਾਰਿਸ ਵੀ ਹੋਵੇਗਾ, ਉਹਨੂੰ ਵਿਕਸਿਤ ਕਰਨ ਵਾਲਾ ਵੀ ਹੋਵੇਗਾ। ਇਸੇ ਤਰ੍ਹਾਂ ਜਿਥੇ ਉਹ ਬੁਰਜਵਾ ਸਭਿਆਚਾਰ ਦੇ ਭੈੜੇ ਪਦਾਰਥਕ ਤੇ ਆਤਮਕ ਪ੍ਰਭਾਵਾਂ ਵਿਰੁਧ ਲੋਹਾ ਲਵੇਗਾ, ਉਥੇ ਬੁਰਜਵਾ ਸਭਿਆਚਾਰ ਦੇ ਚੰਗੇ (ਆਤਮਕ ਤੇ ਪਦਾਰਥਕ) ਪੱਖਾਂ ਦਾ ਫਿਊਡਲ ਵਿਰੁਧ ਸੰਘਰਸ਼ ਵਿਚ ਹਮਾਇਤੀ ਵੀ ਹੋਵੇਗਾ। ਇਸ ਦੇ ਨਾਲ ਹੀ ਕੌਮਾਂਤਰੀ ਖੇਤਰ ਵਿਚ ਵਾਪਰ ਰਹੀਆਂ ਘਟਨਾਵਾਂ-ਕੌਮੀ ਅਜ਼ਾਦੀ ਦੀਆਂ

ਲਹਿਰਾਂ ਦੀ ਜਿੱਤ, ਸਮਾਜਵਾਦੀ ਦੇਸ਼ਾਂ ਵਿਚ ਉਸਰ ਰਹੇ ਪਦਾਰਥਕ ਤੇ ਆਤਮਕ ਸਭਿਆਚਾਰਕ ਪ੍ਰਭਾਵਾਂ ਨੂੰ ਗ੍ਰਹਿਣ ਕਰੇਗਾ ਅਤੇ ਉਸਰ ਰਹੇ ਨਵੇਂ ਲੋਕ-ਜਮਹੂਰੀ ਸਭਿਆਚਾਰ ਦੀ ਕੁੱਖ ਵਿਚ ਸਮਾਜਵਾਦੀ ਤੇ ਕੌਮਾਂਤਰੀ ਸਭਿਆਚਾਰ ਦੇ ਜੀਵਾਣੂੰ ਗ੍ਰਹਿਣ ਕਰੇਗਾ ਤੇ ਭਵਿਖ ਦੇ ਸਭਿਆਚਾਰਾਂ ਨੂੰ ਗ੍ਰਹਿਣ ਕਰਨ ਲਈ ਆਤਮਕ ਤਿਆਰੀ ਕਰੇਗਾ ।

ਅਸੀਂ ਪਿਛੇ ਵੇਖਿਆ ਸੀ ਕਿ ਸਭਿਆਚਾਰ ਜਿਥੇ ਮੁਖ ਤੌਰ 'ਤੇ ਪਦਾਰਥਕ ਪਰਿਸਥਿਤੀਆਂ ਦੇ ਵਿਕਾਸ ਉਤੇ ਨਿਰਭਰ ਹੁੰਦਾ ਹੈ । ਇਹ ਪਦਾਰਥਕ ਪਰਿਸਥਿਤੀਆਂ ਆਤਮਕ ਸਭਿਆਚਾਰ ਨੂੰ ਵੀ ਨਿਰਧਾਰਿਤ ਕਰਦੀਆਂ ਹਨ । ਉਥੇ ਆਤਮਕ ਸਭਿਆਚਾਰ ਕੁਝ ਵਿਸ਼ੇਸ਼ ਕਾਰਨਾਂ ਕਰਕੇ ਕੁਝ ਹੱਦ ਤਕ ਸੁਤੰਤਰ ਵੀ ਹੁੰਦਾ ਹੈ । ਇਸ ਤਰ੍ਹਾਂ ਪਦਾਰਥਕ ਪਰਿਸਸਿਤੀਆਂ ਘੱਟ ਵਿਕਸਿਤ ਹੋਣ ਉਤੇ ਵੀ ਕਈ ਬਾਹਰਮੁਖੀ ਪ੍ਰਭਾਵਾਂ ਅਧੀਨ ਆਤਮਕ ਸਭਿਆਚਾਰ ਨਵੇਂ ਤੱਤ ਗ੍ਰਹਿਣ ਕਰ ਜਾਂਦਾ ਹੈ ਤੇ ਵਿਕਾਸ ਕਰ ਸਕਦਾ ਹੈ, ਤੇ ਕਰ ਵੀ ਜਾਂਦਾ ਹੈ । ਮੁੜ ਇਹੋ ਆਤਮਕ ਸਭਿਆਚਾਰਕ ਵਿਕਾਸ ਪਦਾਰਥਕ ਪਰਿਸਥਿਤੀਆਂ ਬਦਲਣ ਵਿਚ ਤੇਜ਼ੀ ਲਿਆਉਣ ਵਿਚ ਸਹਾਈ ਹੋ ਸਕਦਾ ਹੈ ।

ਇਕ ਸਵਾਲ ਹੋਰ ਉਠਦਾ ਹੈ ਕਿ ਸਭਿਆਚਾਰ ਤੇ ਮਜ਼ਹਬ ਦਾ ਆਪਸੀ ਰਿਸ਼ਤਾ ਕੀ ਹੈ ? ਇਸ ਸਵਾਲ ਨੂੰ ਵੀ ਮੂਲ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਲੈਣਾ ਚਾਹੀਦਾ ਹੈ, ਭਾਵ **ਸਭਿਆਚਾਰ ਮੁਖ ਤੌਰ 'ਤੇ ਪਦਾਰਥਕ ਪਰਿਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ । ਪਰੰਤੂ ਬਾਹਰਮੁਖੀ ਪ੍ਰਭਾਵ ਵੀ ਕਬੂਲਦਾ ਹੈ** । ਇਹਨਾਂ ਬਾਹਰਮੁਖੀ ਆਤਮਕ ਪ੍ਰਭਾਵਾਂ ਅਧੀਨ ਕੁਝ ਆਤਮਕ ਤਬਦੀਲੀਆਂ ਤਾਂ ਹੁੰਦੀਆਂ ਹਨ ਪਰ ਮੂਲ ਰੂਪ ਵਿਚ ਸਭਿਆਚਾਰ ਦਾ ਖਾਸਾ ਕੌਮੀ ਤੇ ਸਥਾਨਕ ਰਹਿੰਦਾ ਹੈ । ਮਿਸਾਲ ਵਜੋਂ ਇਸਲਾਮੀ ਸਭਿਆਚਾਰ ਬਾਹਰਮੁਖੀ ਤੌਰ 'ਤੇ ਅਰਬੀ ਤੇ ਤੁਰਕੀ ਸਭਿਆਚਾਰ ਦੀ ਦੇਣ ਹੈ । ਆਤਮਕ ਤੌਰ 'ਤੇ ਵੀ ਇਸ ਦੇ ਦਰਸ਼ਨ ਦੀਆਂ ਜੜਾਂ ਅਰਬੀ ਤੇ ਤੁਰਕੀ ਸਭਿਆਚਾਰ ਵਿਚੋਂ ਖੋਜੀਆ ਜਾ ਸਕਦੀਆਂ ਹਨ । ਇਸੇ ਤਰ੍ਹਾਂ ਸਿੱਖ ਧਰਮ ਨੇ ਜਿਥੇ ਆਤਮਕ ਤੌਰ 'ਤੇ ਇਸਲਾਮੀ, ਸੂਫੀ ਤੇ ਭਗਤੀ ਲਹਿਰ ਦੇ ਤੱਤਾਂ ਨੂੰ ਗ੍ਰਹਿਣ ਕੀਤਾ ਹੈ, ਉਥੇ ਇਸ ਦੀਆਂ ਜੜ੍ਹਾਂ ਮੂਲ ਰੂਪ ਵਿਚ ਸਥਾਨਕ ਤੇ ਪੰਜਾਬੀ ਸਭਿਆਚਾਰ ਵਿਚ ਹਨ ।

ਕੌਮੀ ਸਭਿਆਚਾਰ ਜਿਥੇ ਦੂਜੇ ਸਭਿਆਚਾਰਾਂ ਤੋਂ ਪ੍ਰਭਾਵਿਤ ਹੁੰਦਾ ਹੈ ਉਥੇ ਇਹ ਤਕੜੇ ਮਾੜੇ ਦੀ ਜੰਗ ਵੀ ਹੁੰਦੀ ਹੈ । ਜਿਹੜਾ ਸਭਿਆਚਾਰ ਪਦਾਰਥਕ ਪਰਿਸਥਿਤੀਆਂ ਦੇ ਵਧ ਅਨਕੂਲ ਤੇ ਆਤਮਕ ਤੌਰ 'ਤੇ ਕੁਝ ਅੱਗੇ ਵਲ ਉਲਾਰ ਹੋਵੇ ਉਹ ਦੂਜੇ ਸਭਿਆਚਾਰ ਨੂੰ ਵਧ ਪ੍ਰਭਾਵਿਤ ਕਰਦਾ ਹੈ । ਜਿਸ ਤਰ੍ਹਾਂ ਜਗੀਰੂ ਸਭਿਆਚਾਰ ਨੂੰ ਬੁਰਜਵਾ ਸਭਿਆਚਾਰ ਮਾਤ ਦਿੰਦਾ ਹੈ, ਕਿਉਂਕਿ ਉਹ ਪੈਦਾਵਾਰੀ ਸਾਧਨਾਂ ਤੇ ਪਦਾਰਥਕ ਪਰਿਸਥਿਤੀਆਂ ਦੇ ਅਨਕੂਲ ਹੁੰਦਾ ਹੈ ਅਤੇ ਜਗੀਰੂ ਸਭਿਆਚਾਰ ਅਪਣਾ ਸਮਾਂ ਵਿਹਾ ਚੁਕਿਆ ਹੁੰਦਾ ਹੈ । ਪ੍ਰਬਲ ਸਭਿਆਚਾਰ ਹਮੇਸ਼ਾ ਹੀ ਅੱਗੇ ਵਧੂ ਸ਼ਕਤੀਆਂ ਤੇ ਜਮਾਤਾਂ ਦਾ ਹੁੰਦਾ ਹੈ । ਜਿਸ ਤਰ੍ਹਾਂ ਇਕ ਸਮੇਂ ਗੁਲਾਮਦਾਰੀ ਸਭਿਆਚਾਰ ਦੇ ਟਾਕਰੇ 'ਤੇ ਜਗੀਰੂ ਸਭਿਆਚਾਰ ਅੱਗੇ ਵਧੂ ਜਮਾਤ ਦਾ ਪ੍ਰਤਿਨਿਧ ਸੀ ਅਤੇ ਜਗੀਰੂ ਸਭਿਆਚਾਰ ਦੇ ਟਾਕਰੇ 'ਤੇ ਬੁਰਜਵਾ ਸਭਿਆਚਾਰ ਜਿਤਦਾ ਹੈ । ਇਸੇ ਤਰ੍ਹਾਂ ਬੁਰਜਵਾ ਸਭਿਆਚਾਰ ਦੇ ਟਾਕਰੇ 'ਤੇ ਪ੍ਰੋਲੇਤਾਰੀ ਤੇ ਸਮਾਜਵਾਦੀ ਸਭਿਆਚਾਰ ਜਿੱਤਦਾ ਹੈ ਕਿਉਂਕਿ ਉਹ ਅੱਗੇ ਵਧੂ ਸ਼ਕਤੀਆਂ ਦਾ

ਪ੍ਰਤਿਨਿਧ ਹੁੰਦਾ ਹੈ। ਪਰੰਤੂ ਪ੍ਰੋਲੇਤਾਰੀ ਸਭਿਆਚਾਰ ਪੂਰਨ ਤੌਰ 'ਤੇ ਸਮਾਜਵਾਦੀ ਰਾਜ ਵਿਚ ਹੀ ਵਿਕਸਿਤ ਹੁੰਦਾ ਹੈ। ਇਸ ਤਰ੍ਹਾਂ ਪ੍ਰੋਲੇਤਾਰੀ ਸਭਿਆਚਾਰ ਦੀ ਸਥਾਪਤੀ ਨੂੰ ਸਮਾਜਵਾਦੀ ਇਨਕਲਾਬ ਦੀ ਲੋੜ ਤੇ ਸਮਾਜਵਾਦੀ ਰਾਜ ਦੀ ਸਥਾਪਤੀ ਤੋਂ ਅੱਡ ਕਰਕੇ ਨਹੀਂ ਦੇਖਿਆ ਜਾ ਸਕਦਾ। ਪ੍ਰੋਲੇਤਾਰੀ ਸਭਿਆਚਾਰ ਦੀ ਸਥਾਪਤੀ ਦਾ ਸੰਘਰਸ਼ ਹਕੀਕਤ ਵਿਚ ਸਮਾਜਵਾਦੀ ਰਾਜ ਦੀ ਸਥਾਪਤੀ ਦਾ ਅਹਿਮ ਅੰਗ ਹੈ। ਪ੍ਰੋਲੇਤਾਰੀ ਸਭਿਆਚਾਰ ਦੀ ਸਥਾਪਤੀ ਦਾ ਸੰਘਰਸ਼ ਵੀ ਪ੍ਰੋਲੇਤਾਰੀ ਵਲੋਂ ਲੜੇ ਜਾਂਦੇ ਰਾਜਸੀ ਤੇ ਆਰਥਿਕ ਸੰਘਰਸ਼ਾਂ ਦਾ ਇਕ ਭਾਗ ਹੀ ਹੁੰਦਾ ਹੈ। ਇਸ ਦੀ ਅਹਿਮੀਅਤ ਵੀ ਦੂਜੇ ਸੰਘਰਸ਼ਾਂ ਤੋਂ ਵਧਾ ਘਟਾ ਕੇ ਤੇ ਅੱਡਰੇ ਤੌਰ ਉਤੇ ਨਹੀਂ ਦੇਖਣੀ ਚਾਹੀਦੀ। ਜਿਸ ਤਰ੍ਹਾਂ ਪ੍ਰੋਲੇਤਾਰੀ ਦੇ ਰਾਜਸੀ ਤੇ ਆਰਥਿਕ ਸੰਘਰਸ਼ ਕਿਸੇ ਕੇਂਦਰਿਤ ਅਗਵਾਈ ਤੋਂ ਬਿਨਾਂ ਲੜੇ ਤੇ ਜਿੱਤੇ ਨਹੀਂ ਜਾ ਸਕਦੇ, ਇਹਨਾਂ ਲਈ ਪ੍ਰੋਲੇਤਾਰੀ ਦੀ ਅਪਣੀ ਪਾਰਟੀ ਤੇ ਉਹ ਪੂਰਨ ਤੌਰ 'ਤੇ ਮਾਰਕਸੀ ਲੈਨਿਨੀ ਦਰਸ਼ਨ ਤੇ ਨੀਤੀ ਵਿਚ ਨਿਪੁੰਨ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਪ੍ਰੋਲੇਤਾਰੀ ਦੀ ਪਾਰਟੀ ਦੀ ਉਸਾਰੀ ਇਕ ਮੁਖ ਕੰਮ ਹੋ ਨਿਬੜਦਾ ਹੈ ਜਿਸ ਬਿਨਾਂ ਪ੍ਰੋਲੇਤਾਰੀ ਦੀ ਕਤਾਰਬੰਦੀ ਤੇ ਉਹਦੇ ਸੰਘਰਸ਼ਾਂ ਦੀ ਅਗਵਾਈ ਤੇ ਉਹਨਾਂ ਦੀ ਜਿੱਤ ਅਸੰਭਵ ਹੈ। ਇਸੇ ਤਰ੍ਹਾਂ ਸਭਿਆਚਾਰਕ ਸੰਘਰਸ਼ 'ਤੇ ਵੀ ਇਹੋ ਗੱਲ ਢੁਕਦੀ ਹੈ। ਇਹ ਸੰਘਰਸ਼ ਵੀ ਅਮਲ ਵਿਚ ਪ੍ਰੋਲੇਤਾਰੀ ਦੀ ਪਾਰਟੀ ਦੀ ਉਸਾਰੀ ਦਾ ਸੰਘਰਸ਼ ਬਣ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਸਭਿਆਚਾਰਕ ਸੰਘਰਸ਼ ਮੂਲ ਰੂਪ ਵਿਚ ਪ੍ਰੋਲੇਤਾਰੀ ਦੀ ਪਾਰਟੀ ਦੀ ਉਸਾਰੀ ਦਾ ਸੰਘਰਸ਼ ਹੈ। ਪਰ ਮੁੱਢ ਵਿਚ ਮੈਂ ਇਹ ਵੀ ਕਿਹਾ ਸੀ ਕਿ ਮਜ਼ਦੂਰ ਪਾਰਟੀ ਲਈ ਅਪਣੀਆਂ ਨੀਤੀਆਂ ਨਿਰਧਾਰਿਤ ਕਰਨ ਲਈ ਆਪਣੇ ਦੇਸ਼ ਤੇ ਲੋਕਾਂ ਦੇ ਸਭਿਆਚਾਰ ਦੀ ਡੂੰਘੀ ਪਕੜ ਜ਼ਰੂਰੀ ਹੈ। ਜਿੰਨੀ ਡੂੰਘੇਰੀ ਉਹਦੀ ਸਮਝ ਅਪਣੇ ਦੇਸ਼ ਦੇ ਸਭਿਆਚਾਰ ਬਾਰੇ ਹੋਵੇਗੀ ਉਨੀਆਂ ਹੀ ਉਸਦੀਆਂ ਨੀਤੀਆਂ ਦਰੁਸਤ ਹੋਣਗੀਆਂ। ਇਸ ਤਰ੍ਹਾਂ ਮਜ਼ਦੂਰ ਪਾਰਟੀ ਦੀ ਉਸਾਰੀ ਤੇ ਸਭਿਆਚਾਰਕ ਕੰਮ ਇਕੋ ਦਾਇਰੇ ਵਿਚ ਘੁੰਮਦੇ ਹਨ। ਇਕੋ ਸਮੇਂ ਦੋਨੋਂ ਕੰਮ ਹੋਣੇ ਚਾਹੀਦੇ ਹਨ, ਸਭਿਆਚਾਰਕ ਕੰਮ ਵਿਚੋਂ ਪਾਰਟੀ ਦੀ ਉਸਾਰੀ ਤੇ ਪਾਰਟੀ ਦੀ ਉਸਾਰੀ ਵਿਚੋਂ ਸਭਿਆਚਾਰਕ ਲਹਿਰ ਦਾ ਵਾਧਾ।

ਮਾਰਕਸਵਾਦੀ ਬੁਧੀਜੀਵੀਆਂ ਤੇ ਸਭਿਆਚਾਰਕ ਕਾਮਿਆਂ ਨੂੰ ਉਪਰੋਕਤ ਮਸਲਿਆਂ ਨੂੰ ਧਿਆਨ ਵਿਚ ਰਖਣਾ ਤੇ ਇਸ ਸੰਬੰਧ ਵਿਚ ਹੋਰ ਅੱਗੇ ਵਧਣਾ ਚਾਹੀਦਾ ਹੈ। ਮੇਰੇ ਇਸ ਯਤਨ ਨੂੰ ਕੇਵਲ ਮੁਢਲੇ ਯਤਨ ਵਜੋਂ ਲੈਣਾ ਚਾਹੀਦਾ ਹੈ। —

[ਮਾਰਫਤ ਪਵਨ ਕੁਮਾਰ, ਸਾਹਮਣੇ ਐਸ. ਐਸ. ਡੀ. ਗਰਲਜ਼ ਕਾਲਿਜ, ਬਠਿੰਡਾ]

**ਸ਼ਾਇਦ**/ਹਰਨਾਮ ਸਿੰਘ ਨਾਜ਼

ਕਿਥੋਂ ਤੁਰਿਆ ਸਾਂ
ਕਦੋਂ ਪੁੱਜਾ ਹਾਂ
ਕੁਝ ਵੀ ਪਤਾ ਨਹੀਂ ।

ਪੱਲੇ ਬੰਨ੍ਹ ਕੇ ਤੁਰਿਆ ਸਾਂ ਕੁਝ
ਕਿ ਪੱਲੇ ਪੈਣਾ ਸੀ ਕੁਝ ਇਥੇ
ਕੁਝ ਵੀ ਪਤਾ ਨਹੀਂ ।
ਰਾਸ, ਸ਼ਾਇਦ ਰਾਹਾਂ ਨੇ ਖੋਹ ਲਈ ਹੈ
ਮੇਰੇ ਚੰਮ ਉਤੇ ਸਰਕੜੇ ਦੀ ਕੰਡ ਉਗੀ ਹੈ ।

ਇਹ ਦੇਸ ਅਜਨਬੀ ਹੈ
ਜਾਂ ਉਹ ਅਜਨਬੀ ਸੀਗਾ
ਜਾਂ ਕਿ ਹੋਰ ਜਿਥੇ ਜਾਣਾ ਹੈ
ਕਿ ਮੈਂ ਹੀ ਅਜਨਬੀ ਹਾਂ ਹਰ ਦੇਸ ਦੇ ਲਈ
ਕੋਈ ਦੱਸਦਾ ਨਹੀਂ ।

ਕਿਹੜਾ ਦੇਸ ਚਾਨਣਾ ਸੀ
ਚਾਨਣਾ ਹੋਵੇਗਾ ਇਹ ਵੀ ਕਦੇ
ਅੱਖਾਂ ਦੀ ਸਦੀਵੀ ਮੱਸਿਆ
ਰੰਗਾਂ ਦੀ ਬੋਲੀ ਨਹੀਂ ਜਾਣਦੀ
ਉਹ ਤੇ ਕੇਵਲ
ਆਰੇ ਦੇ ਦੰਦਿਆਂ ਨੂੰ ਪਛਾਣਦੀ ਹੈ—
ਹਨੇਰੇ ਦੇ ਆਰੇ ਹੇਠ ਹੋ ਰਹੇ ਸਫਰ ਨੂੰ ।

ਨਜ਼ਰ ਦੀ ਧੁੰਧ ਦੇ ਸਫਰ ਨੂੰ
ਆਦਿ ਤੋਂ ਕਿਸਦੀ ਤਲਾਸ਼ ਹੈ
ਕੁਝ ਥੌਹ ਨਹੀਂ ।
ਅੰਕੜਾ ਚਾਨਣ ਹੈ ਤੇ ਸ਼ਬਦ ਹੈ ਸੂਰਜ
ਇਹ ਕਿਸਨੇ ਬੋਚ ਲਏ ਨੇ ਦੋਵੇਂ
ਕਿ ਮੇਰੀ ਨਜ਼ਰ ਦੀ ਧੁੰਧ ਰੁਕ ਗਈ ਹੈ
ਗਾੜ੍ਹੀ ਹੋ ਗਈ ਹੈ ।

ਮੈਂ ਇਕੱਲਾ ਹਾਂ ਏਡੇ ਜਹਾਨ ਅੰਦਰ
ਜਾਂ ਕਿ ਜਹਾਨ 'ਕੱਲਾ ਹੈ ਮੇਰੀ ਰੱਤ ਅੰਦਰ
ਮੈਂ ਅਚੱਲ ਹਾਂ ਇਸ ਜਹਾਨ ਅੰਦਰ
ਕਿ ਮੇਰੇ ਅੰਦਰ ਜਹਾਨ ਦੀ ਲਾਸ਼ ਮੁਸ਼ਕ ਉਠੀ ਹੈ ?

ਸਿਰਜਣਾ ਦਾ ਪੜਾ ਹੈ ਕਿ ਵਿਨਾਸ਼ ਦਾ
ਸੁਟ ਦਿਤਾ ਹੈ ਜਿਥੇ ਥਕ ਕੇ ਇਸ ਅੱਚਲ ਧੁੰਧ ਨੇ,
ਸ਼ੁਕਰ ਹੈ ਮੇਰੇ ਸੁਆਸ ਨੇ ਚਲਦੇ
ਏਨਾ-ਕੁ ਅਹਿਸਾਸ ਬਾਕੀ ਹੈ
ਜਾਂ ਕਿ ਆਸ ਦੀ ਸਾਹ ਤੋੜਦੀ ਕੁਖੋਂ
ਏਨੇ-ਕੁ ਅਹਿਸਾਸ ਨੇ ਜਨਮ ਧਾਰਿਆ ਹੈ ?

ਸਿਰਜਣਾ ਵਾਲਿਓ
ਵਿਨਾਸ਼ਕਾਰੋ, ਤੁਸੀਂ ਵੀ ਦੱਸੋ
ਮੁਖ ਤੇ ਪਿੱਠਾਂ ਦੇ ਮਖੌਟੇ ਸਜਾਣ ਵਾਲਿਓ
ਧੁੰਧ ਵਿਚ ਸਫਰ ਦੀ ਖਲੋਤ ਕਦੋਂ ਮੁਕੇਗੀ,
ਜ਼ਿੰਦਗੀ ਦੀ ਸਰਾਪੀ ਅਹੱਲਿਆ ਦਾ
ਪ੍ਰਾਣ ਬਖਸ਼ਿੰਦ ਰਾਮ ਕਦ ਅਵੇਗਾ ?

ਮੈਂ ਸੁੰਨ ਮੰਡਲ ਵਿਚ ਇਕੱਲਾ
ਮੇਰੇ ਬੋਲਾਂ ਦੀ ਗੂੰਜ ਵੀ ਪਰਤ ਕੇ ਨਹੀਂ ਆਉਂਦੀ।
ਏਥੇ ਮੇਰੇ ਸਿਵਾ ਕੋਈ ਹੋਰ ਪਿੱਠ ਦੀ ਥਾਂ
ਮੁਖ ਲੈਕੇ ਆਵੇਗਾ ਵੀ ਕਦੇ ?
ਕੁਝ ਸ਼ਕ ਦੇ ਛਿਣਾਂ ਨੇ ਮੇਰੇ ਅਹਿਸਾਸ ਦੀ ਦੇਹ ਦੇ
ਆਰ ਪਾਰ ਸਫਰ ਕੀਤਾ ਹੈ।

ਇਹ ਕਿਸਤਰਾਂ ਦੀ ਪਰਲੋ ਹੈ
ਸਭ ਤੁਰ ਗਏ ਨੇ
ਕੋਈ ਵੀ ਬਾਕੀ ਨਹੀਂ
ਕੋਈ ਵੀ ਬਾਕੀ ਨਹੀਂ
ਇਕ ਮੇਰੀ ਇਕੱਲ ਤੋਂ ਬਿਨਾਂ।
ਪ੍ਰਿਥਵੀ ਦੇ ਕਾਲ ਪਹੀਏ ਨੇ ਸ਼ਾਇਦ,
ਇਕ ਚੱਕਰ ਸੰਪੂਰਨ ਕਰ ਲਿਆ ਹੈ
ਤੇ ਮੈਂ ਜਹਾਨ ਦੇ ਨਵ-ਸਿਰਜਣਾ ਦੇ ਪੜਾ 'ਤੇ ਪਿਆ
ਇਕ ਬਾਲਕ ਹਾਂ
ਮੇਰਾ ਆਦਿ ਕੀ ਹੈ
ਮੇਰਾ ਅੰਤ ਕੀ ਹੈ
ਸ਼ਾਇਦ, ਇਸ ਆਦਿ ਦਾ ਪ੍ਰਭੂ
ਹੁਣ ਮੈਂ ਹੀ ਬਣਨਾ ਹੈ।

[27/715, ਨਹਿਰੂ ਨਗਰ, ਕੁਰਲਾ (ਈਸਟ), ਬੰਬਈ, 400,024]

## ਡੱਡੂ ਅਤੇ ਨਾਗ ਪੰਚਮੀ/ਪ੍ਰੀਤਮ ਸਿੰਘ
(ਇਕ ਪੁਨਰ ਕਥਿਤ ਬਾਲ ਗਾਥਾ)

ਇਕ ਜਲਾਸ਼ਯ ਵਿਚ ਡੱਡੂ ਰਹਿੰਦੇ
ਕਾਲੇ ਕਰਮਾਂ ਵਾਲੇ ਡੱਡੂ
ਦੁੱਧ ਚਿੱਟੇ ਦੁੱਧ ਨ੍ਹਾਤੇ ਡੱਡੂ
ਨੀਲੇ ਅਤੇ ਸਜੀਲੇ ਡੱਡੂ
ਲਾਲ ਗੁਲਾਬੀ ਸੁਰਖੇ ਡੱਡੂ
ਬਾਲੀ ਉਮਰੇ ਪੁਰਖੇ ਡੱਡੂ
ਮਿਟ ਮੈਲੇ ਮਿਟ ਰੰਗੇ ਡੱਡੂ
ਉਠਦੇ ਬਹਿੰਦੇ
ਦਿਨੇ ਰਾਤ ਸਨ ਖਹਿੰਦੇ।
ਨੀਲੇ ਡੱਡੂ ਕਹਿੰਦੇ
ਜਲਾਸ਼ਯ ਦਾ ਪਾਣੀ ਜ਼ਹਿਰੀਲਾ
ਤਾਹੀਉਂ ਸਾਡਾ ਰੰਗ ਹੈ ਨੀਲਾ
ਸਾਨੂੰ ਨਿਰਮਲ ਜਲ ਦੇਵੋ
ਸਾਨੂੰ ਨਿਰਮਲ ਜਲ ਦੇਵੋ।

ਦੁੱਧ ਚਿੱਟੇ ਦੁੱਧ ਨ੍ਹਾਤੇ ਡੱਡੂ
ਉਤਰ ਦੇਂਦੇ
ਸਾਨੂੰ ਤੱਕੋ।
ਸਾਡਾ ਜੇਕਰ ਰੰਗ ਹੈ ਚਿੱਟਾ
ਇਹ ਚੰਗੇ ਕਰਮਾਂ ਦਾ ਸਿੱਟਾ
ਤੁਹਾਡਾ ਹਰ ਬੋਲ ਜ਼ਹਿਰੀਲਾ
ਏਸੇ ਕਰਕੇ ਰੰਗ ਹੈ ਨੀਲਾ
ਮਿੱਠੀ ਮਿੱਠੀ ਬਾਣੀ ਬੋਲੋ
ਜੇ ਰਾਜਾ ਜੇ ਰਾਣੀ ਬੋਲੋ
ਸਾਰੇ ਹੀ ਦੁੱਖ ਦੂਰ ਹੋਣਗੇ
ਸਾਰੇ ਦਰਦ ਕਾਫ਼ੂਰ ਹੋਣਗੇ।

ਮਿਟ ਮੈਲੇ ਮਿਟ ਰੰਗੇ ਡੱਡੂ
ਡੰਡ ਮਚਾਉਂਦੇ
ਇਸ ਜਲਾਸ਼ਯ ਦਾ ਪਾਣੀ ਗੰਦਾ
ਤਾਹੀਉਂ ਸਾਡਾ ਹਾਲ ਹੈ ਮੰਦਾ
ਦਿਨੇ ਰਾਤ ਹਾਂ ਨੱਸਦੇ ਭੱਜਦੇ
ਫਿਰ ਵੀ ਅਸੀਂ ਹਾਂ ਭੁੱਖੇ ਮਰਦੇ।

ਦੁੱਧ ਚਿੱਟੇ ਦੁੱਧ ਨ੍ਹਾਤੇ ਡੱਡੂ
ਕਾਲੇ ਕਰਮਾਂ ਵਾਲੇ ਡੱਡੂ
ਨਾਅਰੇ ਲਾਉਂਦੇ
ਤੁਹਾਡਾ ਸਭ ਦਾ ਮਨ ਮੈਲਾ ਹੈ
ਏਸੇ ਕਰਕੇ ਤਨ ਮੈਲਾ ਹੈ
ਜਲਾਸ਼ਯ ਦਾ ਨਿਰਮਲ ਜਲ ਹੈ
ਤੁਹਾਡਾ ਥੋਂਕਾ ਵਾਸਾ
ਮਾੜੇ ਕਰਮਾਂ ਦਾ ਹੀ ਫਲ ਹੈ
ਜਲਾਸ਼ਯ ਦੇ ਨਿਰਮਲ ਜਲ ਦੇ
ਮੰਗਲ ਗਾਓ
ਮੌਜ ਉੜਾਓ।

ਨੀਲੇ ਅਤੇ ਸਜੀਲੇ ਡੱਡੂ
ਨਾਅਰੇ ਲਾਉਂਦੇ
ਪਾਣੀ ਬਦਲੋ
ਲਾਲ ਗੁਲਾਬੀ ਸੁਰਖੇ ਡੱਡੂ
ਸ਼ੋਰ ਮਚਾਉਂਦੇ
ਪਾਣੀ ਬਦਲੋ
ਬਾਲੀ ਉਮਰੇ ਪੁਰਖੇ ਡੱਡੂ
ਰੌਲਾ ਪਾਉਂਦੇ
ਪਾਣੀ ਬਦਲੋ
ਮਿਟ ਮੈਲੇ ਮਿਟ ਰੰਗੇ ਡੱਡੂ
ਹੰਝੂ ਕੇਰਨ
ਪਾਣੀ ਬਦਲੋ
ਕੇਸਰ ਦੇ ਫੁੱਲ ਰੰਗੇ ਡੱਡੂ
ਚਾਂਗਰ ਮਾਰਨ
ਪਾਣੀ ਬਦਲੋ।

ਇਕ ਦਿਨ ਰਾਜੇ ਨੇ ਸਮਝਾਇਆ
ਇਹ ਜਲਾਸ਼ਯ
ਪਵਿੱਤਰ ਸਰ ਹੈ
ਇਸਦੇ ਜਲ ਨੂੰ ਨਿਰਮਲ ਰੱਖਣਾ
ਤੁਹਾਡੇ ਉਤੇ ਹੀ ਨਿਰਭਰ ਹੈ।

ਸਾਰੇ ਮਿਲ ਕੇ ਜ਼ੋਰ ਲਗਾਓ
ਆਪਣਾ ਬਾਹੂ ਬਲ ਅਜ਼ਮਾਓ
ਜ਼ੋਰ ਸ਼ੋਰ ਨਾਲ ਮੰਗਲ ਗਾਓ
ਚੌਹੀਂ ਪਾਸੀਂ ਹੋਵੇ ਜਲ ਥਲ
ਚੌਹੀਂ ਪਾਸੀਂ ਮੰਗਲ ਮੰਗਲ ।

ਪਰ ਕੋਈ ਡੱਡੂ ਆਖੇ
ਮੇਰੀ ਮੇਂਡਕੀ ਨੂੰ ਜ਼ੁਕਾਮ ਹੈ
ਇਸ ਲਈ
ਕੰਮ ਮੇਰੇ ਲਈ ਹਰਾਮ ਹੈ ।

ਕੋਈ ਡੱਡੂ ਆਖਣ
(ਬਾਲੀ ਉਮਰੇ ਪੁਰਖੇ ਡੱਡੂ)
ਪੜ੍ਹੇਂਗੇ ਲਿਖੇਂਗੇ ਹੋਂਗੇ ਖਰਾਬ
ਖੇਲੇਂਗੇ ਕੂਦੇਂਗੇ ਬਨੇਂਗੇ ਨਵਾਬ ।
ਲਾਲ ਗੁਲਾਬੀ ਸੁਰਖੇ ਕੂਕਣ
ਕੇਸਰ ਦੇ ਫੁੱਲ ਰੰਗੇ ਸੂਕਣ
ਇਹ ਛੱਪੜ ਹੈ,
ਇਸ ਛੱਪੜ ਵਿਚ ਗੰਦੇ ਕੀੜੇ
ਸੁਰ ਸੁਰ ਕਰਦੇ
ਇਸ ਛੱਪੜ ਦਾ ਗੰਧਲਾ ਪਾਣੀ
ਇਸ ਛੱਪੜ ਦਾ ਫਸਤਾ ਵੱਢੋ
ਇਸ ਛੱਪੜ ਦੀ ਅਲਖ ਮੁਕਾਓ
ਇਸ ਛੱਪੜ ਦਾ ਬਦਲੋ ਪਾਣੀ ।

ਜਲਾਸ਼ਯ ਵਿਚ ਕੀਚ ਘਚੋਲਾ,
ਚੌਹੀਂ ਪਾਸੀਂ ਰੌਲਾ ਗੌਲਾ ।
ਇਕ ਦਿਨ ਵੇਂਹਦੇ ਵੇਂਹਦੇ
ਸਿਖਰ ਦੁਪਹਿਰੇ
ਸੂਰਜ ਡੁੱਬਾ
ਦਿਨ ਦੀਵੀ ਤਾਰੇ ਦਿਸ ਆਏ
ਆਕਾਸ਼ਾਂ 'ਤੇ ਬੱਦਲ ਛਾਏ
ਧਰਤੀ ਕੰਬੀ
ਅੰਬਰ ਕੰਬੇ
ਬੱਦਲ ਗੱਜੇ
ਬਿਜਲੀ ਚਮਕੀ
ਜਿਉਂ ਚਾਬਕ ਲਹਿਰਾਏ ।

ਜਲਾਸ਼ਯ ਵਿਚ
ਸ਼ੇਸ਼ ਨਾਗ ਨੇ ਦਰਸ਼ਨ ਦਿੱਤੇ
(ਡੱਡੂ ਰਾਜਾ
ਸ਼ੇਸ਼ ਨਾਗ ਸੀ ਇੱਛਾ ਧਾਰੀ)
ਸ਼ੇਸ਼ ਨਾਗ ਨੇ ਫਣ ਫੈਲਾਏ
ਚੌਹੀਂ ਪਾਸੀਂ ਸ਼ੂਕਰ ਗੂੰਜੀ
ਚੌਹੀਂ ਪਾਸੀਂ ਹੂਕਰ ਗੂੰਜੀ ।

ਕੁਝ ਡੱਡੂ ਸਨ ਨਾਗ ਦੇ ਢਿੱਡ ਵਿਚ
ਕੁਝ ਡੱਡੂ ਸਨ ਦਾੜ੍ਹ ਦੇ ਥੱਲੇ
ਕੁਝ ਡੱਡੂ ਚਿੱਕੜ ਵਿਚ ਦੜ ਗਏ
ਕੁਝ ਡੱਡੂ ਖੁੱਡਾਂ ਵਿਚ ਵੜ ਗਏ
ਕੁਝ ਡੱਡੂਆਂ ਨੇ ਚੁੱਪੀ ਸਾਧੀ
ਕੁਝ ਡੱਡੂਆਂ ਨੇ ਲਾਈ ਸਮਾਧੀ
ਜਲਾਸ਼ਯ ਵਿਚ ਛਾਈ ਚੁੱਪ ਚਾਂ
ਜਾਂ ਸੀ ਕੇਵਲ ਨਾਗ ਦੀ ਸ਼ਾਂ ਸ਼ਾਂ ।

ਨਾਗ ਬੋਲਦਾ ਨਿਰਮਲ ਜਲ ਹੈ
ਡੱਡੂ ਕਹਿੰਦੇ ਨਿਰਮਲ ਜਲ ਹੈ ।
ਨਾਗ ਬੋਲਦਾ ਜਲਾਸ਼ਯ ਹੈ ਜਲ ਥਲ
ਡੱਡੂ ਕਹਿੰਦੇ ਜਲ ਥਲ, ਜਲ ਥਲ
ਨਾਗ ਬੋਲਦਾ ਸਭ ਪਾਸੇ ਹੈ ਮੰਗਲ
ਡੱਡੂ ਕਹਿੰਦੇ ਹਾਂ ਹਾਂ ਮੰਗਲ ।

ਕੁਝ ਦਿਨ ਗੁਜ਼ਰੇ
ਡੱਡੂਆਂ ਨੇ ਇਕ ਜਲਸਾ ਕੀਤਾ
ਡੱਡੂਆਂ ਨੇ ਇਕ ਮਤਾ ਪਕਾਇਆ
ਜਦ ਤੋਂ ਨਾਗ ਰਾਜ ਹੈ ਆਇਆ
ਸਾਡੀ ਪਲਟੀ ਸਾਰੀ ਕਾਇਆ
ਕਿਉਂ ਨਾ ਗੁੱਗਾ ਪੀਰ ਧਿਆਈਏ
ਆਓ ਨਾਗ ਪੰਚਮੀ ਮਨਾਈਏ
ਸਾਰੇ ਬੋਲੋ ਜੈ ਗੁੱਗੇ ਦੀ
ਉੱਚੀ ਬੋਲੋ ਜੈ ਗੁੱਗੇ ਦੀ
ਰਲ ਕੇ ਬੋਲੋ ਜੈ ਗੁੱਗੇ ਦੀ
ਜੈ ਗੁੱਗੇ ਦੀ, ਜੈ ਗੁੱਗੇ ਦੀ ।

---

[ਈ 49, ਸੈਕਟਰ 14, ਚੰਡੀਗੜ੍ਹ]

## ਪੰਜ ਜ਼ਰਬੇ ਵੀਹ ਦੀ ਸੜਕ/ਤਿਲੋਕ ਕਾਲੜਾ

ਸ੍ਵੈਚਾਲਕ ਢੰਗ ਨਾਲ ਤੁਰੇ ਰਹਿਣ ਲਈ, ਤੁਸਾਂ
ਜੋ ਹੁਕਮ ਸੁਣਾਇਆ ਹੈ, ਹਜ਼ੂਰ
ਅਸੀਂ ਹੁਕਮ ਅਦੂਲੀ ਲਈ ਅਸਲੋਂ ਮਜਬੂਰ ਹਾਂ
ਕੱਚ ਦੇ ਬਕਸੇਨੁਮਾ ਫਰੇਮ 'ਚ ਬੰਦ
ਇਹ ਪੰਜ ਜ਼ਰਬੇ ਵੀਹ ਦੀ ਠੰਡੀ ਸੜਕ
ਸਾਡੇ ਤੁਰਨ ਦੇ ਮੇਚ ਦੀ ਨਹੀਂ ।

ਅਹਤਿਆਤ ਲਈ, ਇਸ ਸੜਕ ਦੇ ਦੋਹੀਂ ਪਾਸੀਂ
ਜਨਾਬ ਨੇ ਕੁਝ ਨਿਸ਼ਾਨ ਜਿਹੇ ਉਕਰੇ ਹਨ,
ਪਰ ਕੀ ਕਰੀਏ ਸ੍ਰੀਮਾਨ
ਸਾਡੀ ਮੰਜ਼ਲ ਦੀ ਨਿਸ਼ਾਨ ਦੇਹੀ ਨਹੀਂ ਕਰਦੇ ।

ਹਰ ਖਤਰਨਾਕ ਮੋੜ ਤੋਂ ਪਹਿਲਾਂ. ਇਹ ਸ਼ੇਰਮੂੰਹਾਂ ਜੋ ਟੰਗਿਆ ਹੈ
ਤੁਹਾਡੇ ਉਸ ਕੁਝ ਲਗਦੇ ਦੀ ਸ਼ਰਾਰਤ ਹੈ,
ਜੋ ਸਕੂਲ ਪੜ੍ਹਨ ਦੀ ਥਾਂ, ਗੁੱਲੀ ਡੰਡਾ ਖੇਡ ਘਰ ਪਰਤ ਆਉਂਦਾ ਸੀ
ਤੇ ਅੱਜ ਕਲ ਵੱਡੇ ਵਡਿਆਂ ਦੇ ਕੰਨ ਕੁਤਰਦਾ ਹੈ,
ਉਸ ਨਾਦਾਨ ਨੂੰ ਏਨਾ ਵੀ ਪਤਾ ਨਹੀਂ, ਇਹ ਸ਼ੇਰ ਮੂੰਹੇ
ਉਸ ਦੀ ਕਾਰ ਨੂੰ ਹਾਦਸੇ ਤੋਂ ਨਹੀਂ ਬਚਾ ਸਕਣਗੇ ।

ਆਹ ਕੀ ! ਸੜਕ ਦੇ ਐਨ ਵਿਚਕਾਰ ਸਫੇਦ ਲਕੀਰਾਂ ਦੇ ਨਿਸ਼ਾਨ—
ਤੁਹਾਨੂੰ ਨਹੀਂ ਪਤਾ, ਜੋ ਵਿਚਕਾਰ ਚਲਦਾ ਹੈ, ਕੁੱਤੇ ਦੀ ਮੌਤ ਮਰਦਾ ਹੈ ।
ਇਹ ਨਿਸ਼ਾਨ ! ਤੁਹਾਡੇ ਵਫਾਦਾਰ ਕਰਿੰਦੇ ਨੇ, ਲਾਏ ਤਾਂ ਸਾਡੇ ਲਈ ਸਨ,
ਪਰ ਨਹੀਂ ਸੀ ਜਾਣਦਾ, ਦੁਰਘਟਨਾ-ਗ੍ਰਸਤ ਉਸ ਦਾ ਬੇਵਫ਼ਾ ਮਾਲਕ ਹੋਏਗਾ ।

ਦਰਅਸਲ ਤੁਸੀਂ ਅੰਦਾਜ਼ੇ ਤੋਂ ਵਧ ਮੂਰਖ ਹੋ
ਮੂਰਖਾਂ ਦੇ ਸੁਰਗ 'ਚ ਰਹਿ ਕੇ ਵੀ, ਆਦਮ ਦੀ ਮਰਜ਼ੀ ਨਹੀਂ ਸਮਝੇ
ਅਸੀਂ ਉਸੇ ਆਦਮ ਦੀ ਨਸਲ ਹਾਂ, ਜਿਸ
ਤੁਰਨ ਲਈ ਸੜਕ ਆਪਣੇ ਮੋਢਿਆਂ 'ਤੇ ਧਰੀ ਸੀ
ਤੇ ਤੁਹਾਡੇ ਰੱਬ ਦਾ ਅਨੁਸ਼ਾਸਨ ਭੰਗ ਕੀਤਾ ਸੀ ।

ਅਸੀਂ ਵੀ ਤਾਂ ਉਸੇ ਆਦਮ ਦੀ ਨਸਲ ਹਾਂ
ਜਿਸ ਆਪਣਾ ਰਸਤਾ ਖੁਦ ਚੁਣਿਆ ਸੀ
ਸ੍ਵੈਚਾਲਕ ਢੰਗ ਨਾਲ ਤੁਰੇ ਰਹਿਣ ਲਈ, ਤੁਸਾਂ
ਜੋ ਹੁਕਮ ਸੁਣਾਇਆ ਹੈ, ਹਜ਼ੂਰ
ਹੁਕਮ ਅਦੂਲੀ ਲਈ, ਅਸਲੋਂ ਮਜਬੂਰ ਹਾਂ ।

[ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਬੰਡਾਲਾ, ਜ਼ਿਲਾ ਜਲੰਧਰ]

## ਬੰਦ-ਕਮਰੇ/ਪ੍ਰੀਤਮ ਬੇਲੀ

ਬੜੇ ਚਿਰਾਂ ਤੋਂ
ਬੰਦ ਕਮਰੇ ਵਿਚ ਬਹਿ ਕੇ
ਅਸਾਂ ਇਨਕਲਾਬ ਦੀਆਂ ਕਿਤਾਬਾਂ ਪੜ੍ਹੀਆਂ ਹਨ ।

ਆਓ ! ਅੱਜ ਬਾਰੀ ਦਾ ਪਰਦਾ ਸਰਕਾ ਕੇ
ਸ਼ੀਸ਼ੇ ਦੇ ਓਸ ਪਾਰ ਵੇਖੀਏ ਤਾਂ ਸਹੀ
ਕਿ ਇਹ ਸ਼ੋਰ ਕਾਹਦਾ ਏ ?

ਬਾਹਰ ਸਾਗਰ ਵਿਚ ਅੱਜ ਤੂਫ਼ਾਨ ਉਮੜਿਆ ਹੈ
ਤੇ ਕੂੰਜਾਂ ਦੇ ਖੰਭ
ਭੂਤਰੇ-ਬਦਲਾਂ ਨੂੰ ਚੀਰ ਰਹੇ ਹਨ !

ਕੂੰਜਾਂ ਦੇ ਖੰਭ ਜੇ ਕਿਸੇ ਖੋਹ ਵੀ ਲਏ
ਤਾਂ ਕੀ ਹੋਇਆ ?
ਕੀ ਕੋਈ ਸਾਗਰ ਨੂੰ ਬੰਨ੍ਹ ਸਕਦੈ ?
ਕੀ ਕੋਈ ਬੱਦਲਾਂ ਨੂੰ ਵਲ੍ਹੇਟ ਸਕਦੈ ?

ਤੇ ਡਰਦੇ ਹਾਂ
ਸਾਡੀ ਬਾਰੀ ਦੇ ਸ਼ੀਸ਼ੇ ਨਾ ਟੁੱਟ ਜਾਣ !
ਸਾਡੇ ਬੰਦ ਕਮਰੇ ਨਾ ਖੁਲ੍ਹ ਜਾਣ !
ਤੇ ਸਾਡੀਆਂ ਕਿਤਾਬਾਂ ਵਿਚ ਸੁੱਤਾ ਇਨਕਲਾਬ
ਕਿਧਰੇ ਜਾਗ ਨਾ ਪਏ !
ਅਸਾਂ ਇਨਕਲਾਬ ਦੀਆਂ ਕਿਤਾਬਾਂ ਜੁ ਪੜ੍ਹੀਆਂ ਹਨ ।

ਜਾਂ ਫਿਰ ਏਦਾਂ ਕਰੀਏ
ਬਾਰੀ ਦੇ ਸ਼ੀਸ਼ਿਆਂ ਉੱਤੇ
ਬਲੈਕ-ਆਊਟ ਦੇ ਕਾਗਜ਼ ਮੜ੍ਹ ਦਈਏ ।
ਪਰ ਸਾਗਰ ਨੂੰ ਕੌਣ ਠੱਲ੍ਹ ਪਾਏਗਾ ?
ਬੱਦਲਾਂ ਨਾਲ ਕੌਣ ਮੱਥਾ ਡਾਹੇਗਾ ?

ਜਾਂ ਫਿਰ ਇਦਾਂ ਕਰੀਏ
ਕਿਤਾਬਾਂ ਪਿੱਛੇ ਛੱਡੀਏ
ਬੂਹੇ ਥਾਣੀਂ ਨੱਸ ਜਾਈਏ
ਬਾਰੀ ਵਿਚੋਂ ਟੱਪ ਜਾਈਏ !

ਪਰ———
ਜਾਵਾਂਗੇ ਕਿੱਥੇ ?

[27/432, ਆਜ਼ਾਦ ਨਗਰ, ਅੰਧੇਰੀ (ਪੱਛਮ)—400,058]

**ਮੱਛੀ/ਪ੍ਰੇਮ ਪ੍ਰਕਾਸ਼**

| ਵਿਸ਼ਣੂ ਆਖਿਆ |

"ਨਕਸਲੀ ਸੁੰਦਰੀ ਸ਼ੀਲ ਗਰਿਫਤਾਰ ਕਰ ਲਈ ਗਈ..."

ਖਬਰ ਕੇਵਲ ਏਨੀ ਹੀ ਹੁੰਦੀ ਤਾਂ ਮੈਂ ਵਿਸ਼ਵਾਸ ਨਾ ਕਰਦਾ । ਅਨੰਤਪੁਰ ਦੇ ਬੰਗਲੇ ਤੋਂ ਉਸਦੇ ਫੜੇ ਜਾਣ ਦੀ ਸਾਰੀ ਕਹਾਣੀ ਦੇ ਨਾਲ ਉਹਦੀ ਫੋਟੋ ਵੀ ਛਪੀ ਹੋਈ ਹੈ । ਇਹ ਫੋਟੋ ਮੈਨੂੰ ਮਿਲਣ ਤੋਂ ਵੀ ਕਈ ਵਰ੍ਹੇ ਪਹਿਲਾਂ ਦੀ ਹੈ । ਭਰੇ ਸਰੀਰ ਤੇ ਮੋਢਿਆਂ 'ਤੇ ਸਿੱਟੇ ਕਾਲੇ ਵਾਲਾਂ ਵਾਲੀ । ਜਿਸ ਨੂੰ ਕਣਸ 'ਤੇ ਪਈ ਨੂੰ ਦੇਖ ਕੇ ਮੈਨੂੰ ਸੁਅੰਬਰ 'ਚ ਆਈ ਦਰੋਪਦੀ ਦਾ ਖਿਆਲ ਆਇਆ ਕਰਦਾ ਸੀ । ਉਹ ਜਦੋਂ ਮੈਨੂੰ ਮਿਲੀ ਸੀ ਤਾਂ ਵਿਚ ਵਿਚ ਨੂੰ ਧੌਲੇ ਦਿਖਣ ਲਗ ਗਏ ਸੀ । ਚਿਹਰੇ 'ਤੇ ਗੰਭੀਰਤਾ ਸੀ ਜਿਹੜੀ ਚਟਾਨਾਂ ਗਿਰਨ ਬਾਦ ਸਮਤਲ ਹੋਏ ਝੀਲ ਦੇ ਪਾਣੀ ਦੀ ਹੁੰਦੀ ਹੈ । ਉਸੇ ਤਰ੍ਹਾਂ ਉਹਦਾ ਮਨ ਸ਼ਾਂਤ ਸੀ ।—ਇਹ ਗੱਲ ਮੰਨਣ ਵਾਲੀ ਨਹੀਂ ਕਿ ਉਹ ਨਕਸਲੀ ਹੈ ।

ਛੇ ਕੁ ਵਰ੍ਹੇ ਪਹਿਲਾਂ ਮੇਰੀ ਬਦਲੀ ਮੀਰਪੁਰ ਦੀ ਹੋ ਗਈ ਸੀ । ਪਿੰਡ ਤੇ ਡਾਕਖਾਨੇ ਦਾ ਅਸਲੀ ਨਾਓਂ ਮੀਰਪੁਰ ਹੀ ਹੈ । ਪਰ ਫਾਰੈਸਟ ਇੰਸਪੈਕਟਰ ਵਾਸਤੇ ਰੈਸਟ-ਹਾਊਸ ਅਨੰਤਪੁਰ ਤੋਂ ਵੀ ਅੱਗੇ ਬਣਿਆ ਹੋਇਆ ਹੈ । ਅਨੰਤਪੁਰ ਪਹਾੜਾਂ ਤੇ ਜੰਗਲਾਂ ਤੋਂ ਉਰੇ ਉਸ ਥਾਂ ਦਾ ਨਾਮ ਹੈ ਜਿਥੇ ਅਮੀਰ ਲੋਕਾਂ ਨੇ ਆਪਣੇ ਬੰਗਲੇ ਬਣਾਏ ਹੋਏ ਨੇ ।

ਸ਼ੀਲ ਨਾਲ ਮੇਰੀ ਮੁਲਾਕਾਤ ਦਾ ਕਾਰਨ ਉਹਦਾ ਚਿੱਟੀ ਜੱਤ ਵਾਲਾ ਕੁੱਤਾ ਜੈਕੀ ਸੀ । ਉਹ ਕਾਮ-ਵਸ ਆਪਣੇ ਸਰੀਰ ਨੂੰ ਰਗੜਦਾ ਹੋਇਆ ਸਾਡੇ ਗੇਟ ਵਿਚੀਂ ਵੜ ਕੇ ਮੇਰੀ ਕੁੱਤੀ ਸ਼ੋਭਾ ਕੋਲ ਆ ਜਾਂਦਾ ਸੀ ।

ਇਕ ਦਿਨ ਮੇਰਾ ਅਰਦਲੀ ਹੁਸੈਨ ਵਿਹੜੇ 'ਚ ਖੜਾ ਤਮਾਸ਼ਾ ਦੇਖ ਰਿਹਾ ਸੀ । ਸ਼ੀਲ ਬਾਹਰ ਗੇਟ 'ਤੇ ਖੜੀ ਸੀ । ਮੈਂ ਗੇਟ ਖੋਹਲ ਕੇ ਜੈਕੀ ਕਢ ਦਿਤਾ ਪਰ ਸ਼ੀਲ ਨੂੰ ਅੰਦਰ ਬਹਿਣ ਲਈ ਨਾ ਕਹਿ ਸਕਿਆ । ਰੈਸਟ-ਹਾਊਸ 'ਚ ਮੈਂ 'ਕੱਲਾ ਹੀ ਰਹਿੰਦਾ ਸੀ ।

ਮੇਰੇ ਵਾਂਗ ਉਹ ਵੀ 'ਕੱਲੀ ਹੀ ਸੀ । ਪਤੀ ਕਿਸੇ ਫਰਮ ਦਾ ਏਜੰਟ ਸੀ, ਬਾਹਰ ਹੀ ਰਹਿੰਦਾ ਸੀ । ਵੱਡਾ ਪੁੱਤਰ ਅੰਮ੍ਰਿਤਸਰ ਪੜ੍ਹਦਾ ਸੀ ਤੇ ਨਿੱਕਾ ਨਿੰਦੀ ਕੋਲ ਹੀ ਰਹਿੰਦਾ ਸੀ । ਉਹਦੇ ਕਿਰਾਏ ਦੇ ਬੰਗਲੇ ਤੇ ਰੈਸਟ-ਹਾਊਸ ਵਿਚਕਾਰ ਕੂਹਲ ਤੇ ਇਕ ਫਰਲਾਂਗ ਦਾ ਫਰਕ ਸੀ ।

ਗੱਲਾਂ ਗੱਲਾਂ 'ਚ ਜਦੋਂ ਉਹਨੂੰ ਇਸ ਗੱਲ ਦਾ ਪਤਾ ਲਗਿਆ ਬਈ ਮੈਂ ਹੁਸੈਨ ਦੀ ਪੱਕੀ ਰੋਟੀ ਨਹੀਂ ਖਾਂਦਾ ਤਾਂ ਉਹਨੇ ਦੁਖੀ ਹੋ ਕੇ ਮੇਰੇ ਕੰਨੀ ਇਸ ਤਰ੍ਹਾਂ ਦੇਖਿਆ ਜਿਵੇਂ ਇਹ ਭੇਦ-ਭਾਵ ਮੈਂ ਉਹਦੇ ਨਾਲ ਵਰਤ ਰਿਹਾ ਹੋਵਾਂ । ਮੈਂ ਉਹਨੂੰ ਸਮਝਾਇਆ ਬਈ ਮੈਂ ਸਨਾਤਨੀ ਹਿੰਦੂ ਹਾਂ । ਸਵੇਰੇ ਨ੍ਹਾ ਧੋ ਕੇ ਪਾਠ ਪੂਜਾ ਕਰਦਾ ਹਾਂ, ਗੀਤਾ ਪੜ੍ਹਦਾ ਹਾਂ । ਪਰ ਮੈਨੂੰ ਮੁਸਲਮਾਨਾਂ ਨਾਲ ਨਫ਼ਰਤ

ਨਹੀਂ,ਸਗੋਂ ਪ੍ਰੇਮ ਹੈ । ਮੈਂ ਮਾਸ ਖਾਣਾ ਚੰਗਾ ਨਹੀਂ ਸਮਝਦਾ । ਹੁਸੈਨ ਹੁਣ ਖਾਵੇ ਭਾਵੇਂ ਨਾ ਖਾਵੇ— ਬਸ ਉਈ ਸੰਸਕਾਰਾਂ ਵਾਲੀ ਗੱਲ ਹੈ ।

ਉਹ ਹੱਸ ਪਈ ਸੀ, ਮੇਰੀ ਗੱਲ 'ਤੇ ਜਾਂ ਕਮਜ਼ੋਰੀ 'ਤੇ—ਪਰ ਕੁਝ ਆਖਿਆ ਨਹੀਂ । ਉਹ ਮੇਰਾ ਵੀ ਦਿਲ ਤੋੜਨਾ ਨਹੀਂ ਸੀ ਚਾਹੁੰਦੀ, ਸ਼ਾਇਦ । ਉਹ ਹੁਸੈਨ ਦੀ ਦਿਲਜੋਈ ਖਾਤਰ ਉਹਨੂੰ ਆਪਣੀ ਰਸੋਈ 'ਚ ਵਾੜ ਲੈਂਦੀ । ਉਹ 'ਕੱਠੇ ਰੋਟੀ ਪਕਾਂਦੇ, 'ਕੱਠੇ ਬਹਿ ਕੇ ਖਾਂਦੇ ।—ਏਨੇ ਨਰਮ ਦਿਲ ਵਾਲੀ ਤੇ ਦਿਆਲੂ ਇਸਤ੍ਰੀ ਸੀ ਉਹ । ਕਿਸੇ ਜੀਵ ਜੰਤੂ ਨੂੰ, ਕੀੜੇ ਮਕੌੜੇ ਨੂੰ ਵੀ ਦੁਖ ਦੇ ਕੇ ਰਾਜ਼ੀ ਨਹੀਂ ਸੀ । ਫੇਰ ਉਹ ਨਕਸਲੀ ਕਿਵੇਂ ਹੋ ਸਕਦੀ ਹੈ !

ਹੌਲੀ ਹੌਲੀ ਅਸੀਂ ਏਨੇ ਨੇੜੇ ਹੋ ਗਏ ਕਿ ਇਸਤ੍ਰੀ ਪੁਰਸ਼ ਦੇ ਸੰਬੰਧਾਂ ਬਾਰੇ ਇਸ ਤਰ੍ਹਾਂ ਗੱਲਾਂ ਕਰਦੇ ਜਿਵੇਂ ਮੈਂ ਮਰਦ ਨਾ ਹੋਵਾਂ, ਉਹਦੀ ਕੋਈ ਸਹੇਲੀ ਹੋਵਾਂ । ਜੰਗਲਾਂ ਪਹਾੜਾਂ 'ਤੇ ਸੈਰ ਕਰ-ਦਿਆਂ, ਉਹਦੇ ਬੰਗਲੇ 'ਚ ਬਹਿ ਕੇ ਗੱਲਾਂ ਕਰਦਿਆਂ ਮੈਨੂੰ ਲਗਦਾ ਸਾਡੇ ਵਿਚਕਾਰ ਜੇ ਇਸ ਜਨਮ ਦੀ ਨਹੀਂ ਤਾਂ ਪਿਛਲੇ ਦੀ ਜ਼ਰੂਰ ਕੋਈ ਸਾਂਝ ਹੈ । ਇਕ ਦਿਨ ਪਤਾ ਲਗਿਆ ਬਈ ਉਹ ਏਨੀ ਨਰਮ ਨਹੀਂ ਜਿੰਨੀ ਉਹਦੀ ਆਵਾਜ਼ ਤੇ ਦੇਖਣੀ ਹੈ । ਉਹ ਮੈਥੋਂ ਉਲਟ, ਜਿਹੜੀ ਗੱਲ ਨੂੰ ਠੀਕ ਨਹੀਂ ਸਮਝਦੀ, ਉਹਨੂੰ ਲਾਹ ਸਿਟਦੀ ਹੈ । ਜਦ ਮੈਂ ਕਹਿੰਦਾ—ਸੰਸਕਾਰਕ ਤੌਰ 'ਤੇ ਮੈਂ ਮਜਬੂਰ ਹਾਂ—ਤਾਂ ਉਹ ਮੇਰੇ ਕੰਨੀ ਇਸ ਤਰ੍ਹਾਂ ਦੇਖਦੀ ਜਿਵੇਂ ਕਹਿ ਰਹੀ ਹੋਵੇ—ਵਿਚਾਰਾ ਕਾਇਰ, ਕਮਜ਼ੋਰ ਤੇ ਮੂਰਖ ਹਿੰਦੂ । ਉਹਨੂੰ ਆਪਣੇ ਸਿੱਖ ਹੋਣ ਦਾ ਤੇ ਨਹੀਂ ਪਰ ਆਪਣੇ ਪਿਤਾ ਦੇ ਸਿੱਖ ਹੋਣ ਦਾ ਮਾਣ ਸੀ ।

ਹੋਇਆ ਇਸ ਤਰ੍ਹਾਂ ਬਈ ਦੋ ਭਰਿੰਡਾਂ ਸਾਨੂੰ ਗੱਲਾਂ ਕਰਦਿਆਂ ਨੂੰ ਤੰਗ ਕਰਦੀਆਂ ਰਹੀਆਂ । ਉਹਨੇ ਉਠ ਕੇ ਬਚਿਆਂ ਸਮੇਤ ਸਾਰਾ ਖੱਖਰ ਫੂਕ ਦਿਤਾ । ਇਹ ਦ੍ਰਿਸ਼ ਮੇਰੇ ਵਾਸਤੇ ਅਸਹਿ ਸੀ । ਉਹ ਕੋਹੜ ਕਿਰਲਿਆਂ ਦੀ ਵੀ ਦੁਸ਼ਮਣ ਸੀ । ਇਹ ਜਾਨਵਰ ਉਹਨੂੰ ਜ਼ਹਿਰੀਲਾ ਤੇ ਕਰੂਪ ਲਗਦਾ ਸੀ । ਪਰ ਮਾਨਵ ਨੂੰ ਤਾਂ ਉਹ ਪਰਮਾਤਮਾ ਦਾ ਦੂਜਾ ਰੂਪ ਮੰਨਦੀ ਸੀ,ਫੇਰ ਪੁਲੀਸ ਨੇ ਉਹ ਨਕਸਲੀ ਕਿਵੇਂ ਮੰਨ ਲਈ !

ਉਹਦੇ ਬਗੀਚੇ ਦੀ ਜੁਗਤ, ਬਰਾਂਡੇ ਦੀ ਸਜਾਵਟ ਤੇ ਕਮਰਿਆਂ ਦੀਆਂ ਵਸਤਾਂ ਦੀ ਤਰਤੀਬ ਤੋਂ ਲਗਦਾ ਸੀ, ਮੰਦਰ 'ਚ ਮੂਰਤੀ ਦੁਆਲੇ ਫੁਲ ਪੱਤੀਆਂ, ਚਰਨਾਠੀ ਤੇ ਬਿਲ-ਪੱਤਰੀ ਸ਼ੋਭਾਇਮਾਨ ਨੇ । ਸਾਫ ਸੁਥਰੀ ਨ੍ਹਾਤੀ ਧੋਤੀ, ਵਾਲ ਸੁਕਾਂਦੀ ਉਹ ਇਸ ਤਰ੍ਹਾਂ ਬੋਲਦੀ ਸੀ, ਜਿਵੇਂ ਪੁਰੀ ਦੇ ਸ਼ੰਕਰਾਚਾਰੀਆ ਵਿਆਖਿਆਨ ਕਰ ਰਹੇ ਹੋਣ ।

ਉਹ ਵਿਹਲੀ ਹੁੰਦੀ ਤਾਂ ਚਿਤਰ ਬਣਾਇਆ ਕਰਦੀ ਸੀ—ਉਸ ਸਰਵ ਸ਼ਕਤੀਮਾਨ ਦੀ ਇਸ ਸ੍ਰਿਸ਼ਟੀ ਦੇ ਵਿਸਤਾਰ ਦੇ । ਉਹ ਆਪਣੀ ਰਚੀ ਮੂਰਤ ਨੂੰ ਵੀ ਭਗਤ ਦੀ ਦ੍ਰਿਸ਼ਟੀ ਤੋਂ ਦੇਖਦੀ ਸੀ ।

ਦੋਸਤ ਸ਼ਬਦ ਦੀ ਪਵਿੱਤ੍ਰਤਾ ਦਾ ਗਿਆਨ ਮੈਨੂੰ ਸ਼ੀਲ ਨੇ ਕਰਾਇਆ । ਉਹਦੇ ਕਈ ਮਿੱਤਰ ਸਨ, ਜਿਨ੍ਹਾਂ ਦੀਆਂ ਉਹਨੂੰ ਚਿਠੀਆਂ ਆਉਂਦੀਆਂ । ਇਹ ਮਿੱਤਰਤਾ ਆਤਮਾ ਦੀ ਸੀ, ਇਹਦੇ 'ਚ ਸ਼ਰੀਰ ਦਾ ਦਖਲ ਨਹੀਂ ਸੀ ।—ਮੇਰੇ ਉਹਦੇ ਵਿਚਾਲੇ ਇਹੀ ਪਾਵਨ ਸੰਬੰਧ ਸੀ । ਇਸੇ ਕਰਕੇ ਰੈਸਟ-ਹਾਊਸ ਤੇ ਉਹਦੇ ਬੰਗਲੇ ਵਿਚਕਾਰ ਪਗ-ਡੰਡੀ ਬਣ ਗਈ ਸੀ । ਜਿਸ 'ਤੇ ਮੇਰੇ, ਸ਼ੀਲ ਦੇ, ਹੁਸੈਨ ਦੇ ਤੇ ਜੈਕੀ ਸ਼ੋਭਾ ਦੇ ਪੈਰਾਂ ਨੇ ਘਾਹ ਦੀਆਂ ਤਿੜ੍ਹਾਂ ਵੀ ਉਗਣ ਨਹੀਂ ਸੀ ਦਿਤੀਆਂ ।

ਇਸ ਪਗਡੰਡੀ 'ਤੇ ਇਕ ਬੰਦਾ ਪੈਰ ਨਹੀਂ ਸੀ ਧਰਦਾ । ਉਹ ਸੀ ਸ਼ੀਲ ਦਾ ਮਾਲੀ ਜਾਂ ਦੂਰ

ਪਾਰ ਦਾ ਰਿਸ਼ਤੇਦਾਰ—ਮੰਗਲ ਸਿੰਘ। ਉਹ ਸੁੱਕਾ ਸੜਿਆ, ਮਧਰੇ ਕੱਦ ਤੇ ਬਿੱਲੀਆਂ ਅੱਖਾਂ ਵਾਲਾ ਬੁੱਢਾ ਪਰ ਬਾਂਦਰ ਵਰਗਾ ਫੁਰਤੀਲਾ ਸੀ ਤੇ ਹਮੇਸ਼ਾ ਗੁੱਸੇ 'ਚ ਦਿਖਦਾ ਸੀ। ਮੈਂ ਉਹਨੂੰ ਕਦੇ ਵੀ ਹਸਦਿਆਂ ਨਹੀਂ ਸੀ ਦੇਖਿਆ। ਬੋਲ ਵੀ ਦੂਰੋਂ ਹੀ ਸੁਣਿਆ ਸੀ। ਮੈਨੂੰ ਬੰਗਲੇ 'ਚ ਆਉਂਦੇ ਨੂੰ ਦੇਖਕੇ ਉਹ ਬੂਟਿਆਂ 'ਚ ਵੜ ਜਾਂਦਾ ਜਾਂ ਜੰਗਲ ਕੰਨੀ ਨਿੱਕਲ ਜਾਂਦਾ। ਉਹ ਸਾਡੀਆਂ ਗੱਲਾਂ 'ਚ ਦਖਲ ਨਹੀਂ ਸੀ ਦੇਂਦਾ, ਪਰੇ ਬੈਠਾ ਕੁਝ ਪੜ੍ਹਦਾ ਰਹਿੰਦਾ ਸੀ।

ਸ਼ੀਲ ਨੇ ਦਸਿਆ ਸੀ—ਮੰਗਲ ਸਿੰਘ ਰਿਸ਼ਤੇਦਾਰੀ 'ਚ ਉਹਦਾ ਮਾਮਾ ਲਗਦਾ ਸੀ। ਉਹ ਕਈ ਵਰ੍ਹੇ ਪਾਗਲਖਾਨੇ ਰਹਿ ਕੇ ਹੁਣ ਇਥੇ ਸਿਹਤ ਬਣਾਉਣ ਆਇਆ ਸੀ। ਸ਼ੀਲ ਉਸ ਤੋਂ ਡਰਦੀ ਸੀ ਜਾਂ ਸਤਿਕਾਰ ਕਰਦੀ ਸੀ, ਉਹਦੇ ਜੂਠੇ ਭਾਂਡੇ ਵੀ ਮਾਂਜਦੀ ਸੀ।

ਕਈ ਵਾਰੀ ਇਸ ਤਰ੍ਹਾਂ ਹੋਇਆ ਬਈ ਮੈਂ ਤੇ ਸ਼ੀਲ ਟ੍ਰਾਂਜ਼ਿਸਟਰ 'ਤੇ ਭਗਤੀ ਸੰਗੀਤ ਸੁਣ ਰਹੇ ਹਾਂ। ਮੰਗਲ ਸਿੰਘ ਦੇ ਕੰਨ 'ਚ ਰਾਮ ਦਾ ਨਾਮ ਆਇਆ ਤਾਂ ਉਹ ਬੰਗਲਿਓਂ ਨਿਕਲ ਗਿਆ। ਹੈਰਾਨੀ ਵਾਲੀ ਗੱਲ ਸੀ। ਉਸ ਤੋਂ ਵਧ ਹੈਰਾਨੀ ਵਾਲੀ ਗੱਲ ਇਹ ਸੀ ਬਈ ਸ਼ੀਲ ਪਰਮਾਤਮਾ ਨੂੰ ਨਹੀਂ ਸੀ ਮੰਨਦੀ, ਦੇਵਤਿਆਂ ਦਾ ਮਖੌਲ ਉਡਾਂਦੀ ਸੀ, ਪਰ ਫੇਰ ਵੀ ਉਹ ਭਗਤੀ ਸੰਗੀਤ ਮੇਰੇ ਜਿੰਨੇ ਹੀ ਸ਼ੌਕ ਨਾਲ ਸੁਣਦੀ ਸੀ।—ਫੇਰ ਇਹ ਗੱਲ ਕਿਵੇਂ ਮੰਨੀ ਜਾ ਸਕਦੀ ਹੈ ਕਿ ਉਹ ਨਕਸਲੀ ਸੀ।

ਇਕ ਵਾਰ ਅਸੀਂ ਬਹੁਤ ਦੇਰ ਤਕ ਜੰਗਲ 'ਚ ਸੈਰ ਕਰਦੇ ਹੋਏ ਦੇਵੀ ਘਾਟੀ ਤਕ ਚਲੇ ਗਏ। ਸ਼ਾਮ ਨੂੰ ਥੱਕੇ ਟੁਟੇ ਬਗੀਚੇ 'ਚ ਕੁਰਸੀਆਂ 'ਤੇ ਬਹਿ ਗਏ। ਸ਼ੀਲ ਨੂੰ ਦੇਖ ਕੇ ਮੰਗਲ ਰਸੋਈ 'ਚੋਂ ਨਿਕਲਿਆ, ਪਰ ਮੈਨੂੰ ਟ੍ਰਾਂਜ਼ਿਸਟਰ ਟਿਊਨ ਕਰਦੇ ਨੂੰ ਦੇਖ ਕੇ ਬਾਹਰ ਨਿਕਲ ਗਿਆ।

ਸੂਰਜ ਦੇਵਤਾ ਅਸਤ ਹੋ ਰਿਹਾ ਸੀ। ਠੰਢੀ ਨਰਮ ਹਵਾ ਚਲ ਰਹੀ ਸੀ। ਭਗਤੀ-ਸੰਗੀਤ ਮਨ 'ਤੇ ਆਨੰਦ ਦੀ ਫੁਹਾਰ ਪਾ ਰਿਹਾ ਸੀ। ਯਸ਼ੋਧਾ ਮਾਂ ਉਤੋਂ ਦੁਖੀ ਅੰਦਰੋਂ ਖੁਸ਼ ਨੰਦ ਲਾਲ ਨੂੰ ਕਹਿ ਰਹੀ ਸੀ—ਤੇਰੇ ਉਲਾਂਭਿਆਂ ਨੇ ਮੈਨੂੰ ਤੰਗ ਕਰ ਦਿਤਾ ਹੈ। ਗੋਪੀਆਂ ਦੇ ਭਾਂਡੇ ਭੰਨਦਿਆ ਤੈਨੂੰ ਲਾਜ ਨਹੀਂ ਆਉਂਦੀ? ਸੁਣਦੇ ਸੁਣਦੇ ਮੇਰੀਆਂ ਭਾਵਨਾਵਾਂ ਪਤਾ ਨਹੀਂ ਕਿਵੇਂ ਵੇਗ 'ਚ ਅ ਗਈਆਂ। ਅੱਖਾਂ 'ਚੋਂ ਤਿੱਪ ਤਿੱਪ ਹੰਝੂ ਗਿਰਨ ਲਗੇ। ਸ਼ਰਮ ਨਾਲ ਮੈਂ ਗਰਦਨ ਝੁਕਾ ਲਈ ਭਜਨ ਮੁਕਿਆ ਤਾਂ ਸ਼ੀਲ ਅਚਾਨਕ ਉਠੀ। ਮੇਰੇ ਕੋਲ ਖੜ ਗਈ ਤੇ ਮੇਰਾ ਸਿਰ ਫੜ ਕੇ ਆਪਣ ਛਾਤੀ ਨੂੰ ਲਾ ਲਿਆ। ਹੰਝੂ ਸੁੱਕ ਗਏ। ਇਸ ਅਵਸਥਾ 'ਚ ਇਸ ਮੁਦ੍ਰਾ 'ਚ ਅਸੀਂ ਕਿੰਨੀ ਦੇ ਤਕ ਰਹੇ, ਇਹਦਾ ਕੋਈ ਹਿਸਾਬ ਨਹੀਂ। ਸ਼ਾਇਦ ਅਨਾਦੀ ਤੋਂ ਅਨੰਤ ਸਮੇਂ ਤਕ ਇਸ ਨਾਸ਼ਵਾ ਸੰਸਾਰ, ਇਸ ਪਾਰਥਿਵ ਸਰੀਰ ਤੋਂ ਮੁਕਤ ਰਹੇ।

ਜਦ ਇਸ ਲੋਕ 'ਚੋਂ ਮੰਗਲ ਦੇ ਪੈਰਾਂ ਦੀ ਬਿੜਕ ਆਈ ਤਾਂ ਮੈਂ ਉਠ ਕੇ ਪਗਡੰਡੀ 'ਤੇ ਤੁ ਪਿਆ। ਗਿਰਦਾ ਢਹਿੰਦਾ ਸਰੀਰ ਲਿਜਾ ਕੇ ਮੈਂ ਮੰਜੇ 'ਤੇ ਸਿੱਟ ਦਿਤਾ। ਮੇਰੇ ਸਥਿਰ ਸਰੀਰ ਦ ਰੋਮ ਰੋਮ ਇਕੋ ਦ੍ਰਿਸ਼ ਦੇਖ ਰਿਹਾ ਸੀ...ਮੈਂ ਸ਼ਰਤ ਲਾ ਕੇ ਕਹਿ ਸਕਦਾ ਹਾਂ—ਉਹ ਨਕਸਲੀ ਕ ਵੀ ਨਹੀਂ ਹੋ ਸਕਦੀ!

ਮਨੁੱਖ ਨੂੰ ਪਰਮਾਤਮਾ ਸਮਝਣ ਵਾਲੀ ਉਸ ਦਿਆਲੂ ਇਸਤ੍ਰੀ ਨੇ ਮੈਨੂੰ ਇਕ ਵਾਰ ਹੈਰਾ ਕਰਨ ਦੇ ਨਾਲ ਡਰਾ ਵੀ ਦਿਤਾ ਸੀ। ਸ਼ਾਮ ਦੇ ਵੇਲੇ ਮੈਂ ਬੰਗਲੇ ਗਿਆ। ਬਾਹਰ ਕੋਈ ਨਹ ਸੀ। ਮੈਂ ਅੰਦਰ ਦੇਖਿਆ, ਸ਼ੀਲ ਬੁੱਸ਼ਰਟ ਪਾਈ, ਕੁਰਸੀ 'ਤੇ ਅਧਲੇਟੀ ਸਿਗਰਟ ਪੀ ਰਹੀ ਸੀ

ਮੈਨੂੰ ਦੇਖ ਕੇ ਉਹ ਘਬਰਾਈ ਨਹੀਂ, ਬੜੇ ਆਰਾਮ ਨਾਲ ਕਹਿੰਦੀ, "ਬਹਿ ਜਾਓ।"

ਉਹ ਅਣਜਾਣਾਂ ਵਾਂਗ ਸਿਗਰਟ ਨਹੀਂ ਪੀ ਰਹੀ ਸੀ ਆਦਮੀਆਂ ਵਾਂਗ ਠਰ੍ਹਮੇ ਨਾਲ ਸੂਟੇ ਲਾਕੇ ਧੂੰਆਂ ਕਢ ਰਹੀ ਸੀ। ਮੇਰੀ ਘਬਰਾਹਟ ਦੇਖਕੇ ਉਹ ਮੁਸਕਰਾਈ। ਕਹਿਣ ਲਗੀ, "ਡਰ ਗਏ? ਮੇਰੇ ਜਨਮ ਦਾ ਧਰਮ ਪਲੀਤ ਹੋ ਗਿਆ, ਪਤਿਤ ਹੋ ਗਈ ਮੈਂ?"

"ਨਹੀਂ, ਨਹੀਂ—ਮੈਂ ਨਹੀਂ ਕਹਿੰਦਾ। ਮੈਂ ਤਾਂ—ਤਾਂ—

"ਅੱਜ ਮੈਂ ਸ਼ਰਾਬ ਵੀ ਪੀਤੀ ਏ ਤੇ ਮੇਰਾ ਦਿਲ ਕਰਦੈ, ਕੋਈ ਮੇਰੇ ਨਾਲ ਲੜ ਕੇ ਵੇਖੇ।" ਉਹਦੀ ਅਵਾਜ਼ 'ਚ ਕਠੋਰਤਾ ਸੀ। ਲਗਦਾ ਸੀ, ਉਹ ਸੱਚ ਮੁਚ ਲੜ ਸਕਦੀ ਹੈ। ਮੈਨੂੰ ਉਸ ਤੋਂ ਡਰ ਲਗਿਆ।

"ਤੁਸੀਂ ਅਰਾਮ ਕਰੋ।" ਕਹਿ ਕੇ ਮੈਂ ਉਠਿਆ ਤਾਂ ਉਹ ਹੱਸ ਪਈ। ਬੋਲੀ, "ਤੁਸੀਂ ਕਿਉਂ ਡਰਦੇ ਹੋ, ਮੈਂ ਤੁਹਾਡੇ ਨਾਲ ਤਾਂ ਨਹੀਂ ਲੜਦੀ। ਮੈਂ ਤਾਂ ਆਪਣੇ ਆਪ ਨਾਲ ਲੜ ਕੇ ਹਟੀ ਸੀ।" ਆਖ ਕੇ ਉਹਨੇ ਸਿਗਰਟ ਬੁਝਾ ਦਿਤੀ। ਉਹਦੀਆਂ ਅੱਖਾਂ ਨਰਮ ਹੋ ਗਈਆਂ। ਉਠ ਕੇ ਕੁਰਲੀ ਕੀਤੀ ਤੇ ਅੰਦਰ ਨੂੰ ਜਾਂਦੀ ਕਹਿਣ ਲਗੀ, "ਅੱਜ ਤੁਸੀਂ ਕਾਫੀ ਬਣਾਓ, ਮੈਂ ਨ੍ਹਾ ਲਵਾਂ।"

"ਇਹ ਇਸਤ੍ਰੀ ਦਾ ਵਿਰਾਟ ਰੂਪ ਹੈ'—ਸੋਚ ਕੇ ਮੈਂ ਕਾਫ਼ੀ ਬਨਾਉਣ ਲਗ ਗਿਆ। ਪਰ ਉਹ ਵਿਰਾਟ ਰੂਪ ਨਕਸਲੀਆਂ ਵਾਂਗ ਬੰਦਿਆਂ ਨੂੰ ਕਤਲ ਕਰਨ ਵਾਲਾ ਨਹੀਂ ਹੋ ਸਕਦਾ!

ਇਕ ਦਿਨ ਪਤਾ ਲਗਾ, ਮੰਗਲ ਕਿਤੇ ਚਲਿਆ ਗਿਆ। ਸ਼ੀਲ ਦਾ ਕਹਿਣਾ ਸੀ— "ਪਾਗਲ ਬੰਦੇ ਦਾ ਕੀ ਪਤਾ, ਕਿਥੇ ਚਲਿਆ ਗਿਆ।"

"ਪਤਾ ਨਹੀ ਵਿਚਾਰਾ ਕਿਥੇ ਭਟਕਦਾ ਫਿਰੂਗਾ।" ਮੈਂ ਮਾਨਸਿਕ ਰੋਗੀ ਨਾਲ ਸਹਾਨੁਭੂਤੀ ਅਨੁਭਵ ਕਰਦਿਆਂ ਕਿਹਾ। ਪਰ ਲੱਗਾ ਸ਼ੀਲ ਨੂੰ ਏਨੀ ਚਿੰਤਾ ਨਹੀਂ ਸੀ। ਉਹਦਾ ਮਨ ਕਠੋਰ ਹੋ ਗਿਆ ਸੀ ਜਾਂ ਉਹ ਮੰਗਲ ਤੋਂ ਅੱਕ ਗਈ ਸੀ।

ਗਰਮੀ ਪੈਣ 'ਤੇ ਮੈਦਾਨਾਂ ਦੇ ਜਿਹੜੇ ਲੋਕ ਇਥੇ ਆਏ ਸੀ,ਉਹ ਠੰਢ ਉਤਰਨ 'ਤੇ ਚਲੇ ਗਏ ਤਾਂ ਅਨੰਤਪੁਰ ਇਕ ਦਮ ਸੁੰਨਾ ਪਰ ਸ਼ਾਂਤ ਹੋ ਗਿਆ। ਇਹਦੇ ਨਾਲ ਹੀ ਸ਼ੀਲ ਦੇ ਸੁਭਾ ਤੇ ਕੰਮਾਂ 'ਚ ਪਰਿਵਰਤਣ ਆ ਗਿਆ। ਉਹ ਚੁਪ ਤੇ ਉਦਾਸ ਰਹਿਣ ਲਗ ਗਈ। ਸ਼ਾਇਦ ਤਦੇ ਰਿਸ਼ਤੇ-ਦਾਰਾਂ ਨੂੰ ਮਿਲਣ ਤੁਰੀ ਰਹਿੰਦੀ। ਕਦੇ ਕਦੇ ਬੇਚੈਨ ਜਿਹੀ ਲਗਦੀ। ਮੇਰਾ ਵਿਚਾਰ ਸੀ ਕਿ ਇਹ ਅਧੋਂ ਟੱਪੇ ਉਸ ਮਾਨਸ ਦੀ ਨਿਸ਼ਾਨੀ ਹੈ, ਜੀਹਦਾ ਪਿਛਾ ਵੀਰਾਨ ਹੋਵੇ ਤੇ ਅੱਗਾ ਨ੍ਹੇਰਾ ਦਿਸੇ।

"ਸ਼ੀਲ ਜੀ, ਤੁਹਾਨੂੰ ਕਿਹੜੀ ਗੱਲ ਦੀ ਘਾਟ ਹੈ?" ਇਕ ਦਿਨ ਮੈਂ ਪੁਛ ਹੀ ਲਿਆ ਤਾਂ ਉਹਦੇ ਮੱਥੇ 'ਤੇ ਇਕ ਦਮ ਤਿਊੜੀਆਂ ਪੈ ਗਈਆਂ।ਸੇਲ੍ਹੀਆਂ ਤਣ ਗਈਆਂ। ਸਖਤੀ ਨਾਲ ਬੋਲੀ, "ਇਹ ਸਾਲੀ ਘਾਟ ਕੀ?"

ਮੈਨੂੰ ਲਗਿਆ, ਅੱਜ ਫੇਰ ਵਿਰਾਟ ਰੂਪ ਉਤਰੇਗਾ। ਪਰ ਜਦੋਂ ਚਿਹਰਾ ਖਿੜ ਗਿਆ, ਓਸ 'ਚ ਨ੍ਹਾਤੇ ਕਮਲ ਫੁੱਲ ਵਾਂਗੂ ਤਾਂ ਲਗਿਆ, ਉਹਨੇ ਮਖੌਲ 'ਚ ਕਿਹਾ ਸੀ। ਪਰ ਸ਼ਬਦ "ਸਾਲੀ" ਮੈਂ ਉਹਦੇ ਮੂੰਹੋਂ ਪਹਿਲੀ ਵਾਰ ਸੁਣਿਆ ਸੀ।

ਹੌਲੀ ਹੌਲੀ ਮੈਨੂੰ ਪਤਾ ਲਗਿਆ ਬਈ ਇਹ ਉਹਦਾ ਸੁਭਾ ਹੀ ਹੈ—ਕਦੇ ਕਦੇ ਰੋੜਾ ਮਾਰ ਕੇ ਰੁਕੀ ਹੋਈ ਕਾਈ ਨੂੰ ਕੰਬਾ ਦੇਣਾ ਤੇ ਫੇਰ ਸ਼ਾਂਤ ਹੋ ਜਾਣਾ। ਇਸੇ ਤਰ੍ਹਾਂ ਦਾ ਰੋੜਾ ਉਹਨੇ ਉਦੋਂ

ਮਾਰਿਆ ਸੀ, ਜਦੋਂ ਮੈਂ ਬੜੀ ਸੋਚ ਤੇ ਜੁਗਤ ਨਾਲ ਉਹਨੂੰ ਦਸਿਆ ਸੀ ਬਈ ਕਿਵੇਂ ਮੇਰੇ ਮਨ 'ਚ ਉਹਦੇ ਵਾਸਤੇ ਮੈਲ ਆ ਜਾਂਦੀ ਹੈ। ਸਰੀਰ ਅੱਗੇ ਨੂੰ ਵਧਦਾ ਹੈ ਤੇ ਆਤਮਾ ਪਿਛੇ ਨੂੰ ਖਿਚਦੀ ਹੈ। ਤੇ ਫੇਰ ਮੇਰੀ ਅੰਤਰ-ਆਤਮਾ ਕਿਵੇਂ ਮੈਨੂੰ ਫਿਟਕਾਰਦੀ ਹੈ । ਉਹ ਇਕ ਦਮ ਭੜਕ ਉਠੀ, "ਤੁਸੀਂ ਹਿੰਦੂ, ਤੁਸੀਂ ਮੂਰਤੀਆਂ ਪੁਸਤਕਾਂ ਦੇ ਪੁਜਾਰੀ, ਆਤਮਾ ਤੇ ਸਰੀਰ ਨੂੰ ਵਖ ਵਖ ਥੈਲਿਆਂ 'ਚ ਪਾਈ ਫਿਰਦੇ ਹੋ—।"

ਉਹਨੇ ਕੀ ਕਿਹਾ ਸੀ, ਮੈਨੂੰ ਪੂਰਾ ਸੁਣਿਆ ਹੀ ਨਹੀਂ। ਸ਼ਾਇਦ ਉਹਨੂੰ ਆਪ ਵੀ ਪਤਾ ਨਾ ਹੋਵੇ, ਪਰ ਦੋ ਕੁ ਮਿੰਟ ਬਾਦ ਚਿਹਰੇ ਦੇ ਵਲ ਖੁਲ੍ਹ ਗਏ। ਉਹ ਸ਼ਾਂਤ ਪਿਆਰਾ ਚਿਹਰਾ ਮੁਸਕਰਾ ਪਿਆ। ਹੱਸ ਕੇ ਬੋਲੀ, "ਹੈ ਨਾ ਮੂਰਖਤਾ..."

ਮੇਰੀ ਜਾਂ ਉਹਦੀ, ਮੈਂ ਪੁਛਣ ਦੀ ਹਿੰਮਤ ਨਹੀਂ ਕੀਤੀ।

ਫੇਰ ਉਹਦਾ ਸੁਭਾ ਕੁਝ ਇਸ ਤਰ੍ਹਾਂ ਬਦਲ ਗਿਆ ਕਿ ਮੈਂ ਇਹ ਵੀ ਪੁਛ ਨਾ ਸਕਿਆ ਬਈ ਉਹ ਪਤਲੇ ਲੰਮੇ ਸਰੀਰ ਤੇ ਕਾਹਲੀਆਂ ਹਰਕਤਾਂ ਵਾਲਾ ਵਿਦਿਆਰਥੀ ਕੌਣ ਹੈ, ਜਿਹੜਾ ਕਦੇ ਅਚਾਨਕ ਰਾਤ ਨੂੰ ਆ ਜਾਂਦਾ ਹੈ। ਤੜਕੇ ਅਲੋਪ ਹੋ ਜਾਂਦਾ ਹੈ। ਜਿਹੜਾ ਮੈਨੂੰ ਜੰਗਲ 'ਚ ਮਿਲਦਾ ਹੈ ਤਾਂ ਨਮਸਤੇ ਵੀ ਨਹੀਂ ਕਹਿੰਦਾ। ਮੈਨੂੰ ਹੁਸੈਨ ਤੋਂ ਪਤਾ ਲਗਿਆ ਬਈ ਉਹ ਨੌਜਵਾਨ ਵਿਦਿਆਰਥੀ ਨਿਰਮਲ ਸਿੰਘ ਸ਼ੀਲ ਦੇ ਵਡੇ ਪੁੱਤ ਸਿੰਦੀ ਦਾ ਮਿੱਤਰ ਹੈ। ਯੂਨੀਵਰਸਿਟੀ ਦੀ ਪੜ੍ਹਾਈ ਛਡ ਕੇ ਨੌਕਰੀ ਦੀ ਭਾਲ 'ਚ ਫਿਰਦਾ ਹੈ। ਉਹ ਸਿੱਖ ਹੋ ਕੇ ਵੀ ਸਿਗਰਟ ਪੀਂਦਾ ਹੈ। ਉਹ ਏਨਾ ਤੇਜ਼ ਦੌੜਦਾ ਹੈ ਕਿ ਪਹਾੜੀ ਤਿੱਤਰ ਫੜ ਸਕਦਾ ਹੈ। ਉਹ ਏਨਾ ਨਿਡਰ ਹੈ ਕਿ ਰਾਤਾਂ ਨੂੰ ਜੰਗਲਾਂ 'ਚ ਫਿਰਦਾ ਰਹਿੰਦਾ ਹੈ। ਮੈਨੂੰ ਕੀ ਫਿਰਦਾ ਰਹੇ, ਮੈਨੂੰ ਤਾਂ ਬੱਸ ਏਨਾ ਹੀ ਕਸ਼ਟ ਸੀ ਕਿ ਜਦੋਂ ਉਹ ਆ ਜਾਂਦਾ ਸੀ, ਸ਼ੀਲ ਦੇ ਨਾਲ ਜਿਵੇਂ ਸਿਊਂਤਾ ਜਾਂਦਾ ਸੀ। ਪਰ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਤਮਾ ਦੀ ਪਵਿਤਰ ਸੀ, ਹੁਣ ਵੀ ਹੈ, ਹਮੇਸ਼ਾਂ ਰਵ੍ਹੇਗੀ। ਉਹ ਆਪਣੇ ਮੂੰਹੋਂ ਕਹਿ ਕੇ ਵੀ ਨਾਸਤਿਕ ਨਹੀਂ ਹੋ ਸਕਦੀ, ਨਕਸਲੀ ਹੋਣ ਦਾ ਤਾਂ ਸਵਾਲ ਹੀ ਨਹੀਂ।

## / ਸ਼ੀਲ ਆਖਿਆ /

ਮੇਰੀ ਗਰਿਫਤਾਰੀ ਦਾ ਵੱਡਾ ਕਾਰਨ ਨਿਰਮਲ ਸਿੰਘ ਹੈ। ਉਹ ਆਇਆ ਤਾਂ ਸੀ ਇਕ ਰਾਤ ਰਹਿਣ ਲਈ ਪਰ ਡੇਰਾ ਪਾ ਕੇ ਬਹਿ ਗਿਆ। ਉਹਦੇ ਆਣ ਦੇ ਇਕ ਮਹੀਨਾ ਬਾਦ ਹੀ ਪੁਲੀਸ ਸਾਡੇ ਘਰ ਦੀ ਨਿਗਰਾਨੀ ਕਰਨ ਲਗ ਪਈ ਸੀ। ਮੈਂ ਚਾਹੁੰਦੀ ਹੋਈ ਵੀ ਉਹਨੂੰ ਰੋਕ ਨਾ ਸਕੀ। ਉਹ ਤਿੰਨ ਦਿਨ ਨਾ ਆਉਂਦਾ, ਮੈਂ ਆਪ ਚਾਹੁਣ ਲਗ ਪੈਂਦੀ, ਉਹ ਆ ਜਾਵੇ।

ਉਹ ਆਮ ਤੌਰ 'ਤੇ ਬੱਤੀਆਂ ਜਗਣ 'ਤੇ ਪਤਾ ਨਹੀਂ ਕਿਹੜੇ ਪਾਸਿਓਂ ਨਿਕਲ ਕੇ ਮੇਰੇ ਨਾਲ ਆ ਖਲੋਂਦਾ। ਮਨ ਇਕ ਵਾਰ ਤ੍ਰਭਕ ਜਾਂਦਾ, ਇਹ ਕਾਹਨੂੰ ਆ ਗਿਆ। ਫੇਰ ਝਟ ਦੇਣੀ ਕਹਿੰਦਾ ਚੰਗਾ ਹੋਇਆ, ਆ ਗਿਆ। ਉਹਦਾ ਪਤਲਾ ਪਰ ਤਿਖੇ ਨੈਣ ਨਕਸ਼ਾਂ ਵਾਲਾ ਚਿਹਰਾ ਥਕਿਆ ਤੇ ਭੁਖਾ ਜਾਪਦਾ। ਉਹ ਤੇਜ਼ੀ ਨਾਲ ਬੈਗ ਮੋਢਿਓਂ ਲਾਹ ਕੇ ਸੋਫੇ 'ਤੇ ਸੁਟ ਦੇਂਦਾ ਤੇ ਢਾਕਾਂ 'ਤੇ ਹੱਥ ਧਰ ਕੇ, ਅੱਖਾਂ 'ਚ ਅੱਖਾਂ ਪਾ ਕੇ ਕਹਿੰਦਾ, "ਫੇਰ ਜਨਾਬ।"

ਮੈਂ ਝਟ ਦੇਣੀ ਨਿੰਦੀ ਨੂੰ ਵਾਜ ਮਾਰ ਕੇ ਕਹਿੰਦੀ ਪਈ ਅੰਕਲ ਨੂੰ ਤੌਲੀਆ ਦੇਵੇ।

ਮੈਂ ਕਾਫੀ ਬਣਾ ਕੇ ਲਿਆਂਦੀ। ਉਹ ਗੁਸਲਖਾਨੇ 'ਚੋਂ ਸਾਬਣ ਤੇ ਪਾਊਡਰ ਦੀਆਂ ਮਹਿਕਾਂ

ਆਪਣੇ ਨਾਲ ਲਿਆ ਕੇ ਮੇਰੇ ਨਾਲ ਢੁਕ ਕੇ ਬਹਿ ਜਾਂਦਾ। ਉਹ ਸਾਬਣ, ਉਹ ਪਾਊਡਰ ਮੈਂ ਵੀ ਵਰਤਦੀ ਸੀ, ਪਰ ਕਦੇ ਮਹਿਕ ਇਹੋ ਜਿਹੀ ਨਹੀਂ ਸੀ ਆਂਦੀ। ਇਹ ਕ੍ਰਾਂਤੀਕਾਰੀ ਲਹਿਰ ਕੀ ਹੈ ? ਨਿਰਮਲ ਦੇ ਮਿਲਣ ਤੋਂ ਪਹਿਲਾਂ ਮੈਨੂੰ ਮਾਮੂਲੀ ਪਤਾ ਸੀ। ਬਸ ਕਦੇ ਕਦੇ ਮੇਰਾ ਇਕ ਅਧਿਆਪਕ ਦੋਸਤ ਦਰਸ਼ਨ ਸਿੰਘ ਮੈਥੋਂ ਚੰਦਾ ਲੈਣ ਆ ਜਾਇਆ ਕਰਦਾ ਸੀ। ਪਰ ਉਹ ਗੱਲਾਂ ਕਵਿਤਾ, ਸੰਗੀਤ ਤੇ ਚਿਤਰਕਾਰੀ ਦੀਆਂ ਕਰਦਾ ਸੀ। ਜਾਂਦਾ ਹੋਇਆ ਉਹ ਕੋਈ ਕਿਤਾਬ ਮੁੱਲ ਦੇ ਜਾਂਦਾ, ਜਿਹੜੀਆਂ ਮੈਂ ਪੜ੍ਹਦੀ ਨਹੀਂ ਸੀ। ਕਦੀ ਕਦਾਈਂ, ਕੋਈ ਕਾਮਰੇਡ ਦਰਸ਼ਨ ਦਾ ਨਾਂ ਲੈ ਕੇ ਰਾਤ ਦੀ ਰਾਤ ਵਿਸ਼ਰਾਮ ਕਰ ਜਾਂਦਾ। ਕਦੇ ਕੋਈ ਲਿਟਰੇਚਰ ਰਖ ਜਾਂਦਾ ਤੇ ਕੋਈ ਹੋਰ ਚੁਕ ਲੈ ਜਾਂਦਾ। ਨਿਰਮਲ ਵੀ ਦਰਸ਼ਨ ਦੀ ਹੀ ਚਿੱਠੀ ਲੈ ਕੇ ਆਇਆ ਸੀ। ਹੋਰਾਂ ਨੂੰ ਮੈਂ ਇਹੋ ਦਸਿਆ ਸੀ—ਪਈ ਇਹ ਸਿੰਦੀ ਦਾ ਦੋਸਤ ਹੈ। ਉਂਜ ਵੀ ਉਹਦੀ ਉਮਰ ਸਿੰਦੀ ਨਾਲੋਂ ਦੋ ਤਿੰਨ ਵਰ੍ਹੇ ਹੀ ਵੱਡੀ ਹੋਵੇਗੀ।

ਨਿਰਮਲ ਸਿੰਘ ਨੇ ਪਹਿਲਾਂ ਪਹਿਲ ਮੈਨੂ ਦੀਦੀ ਕਿਹਾ ਸੀ, ਫੇਰ ਨਹੀਂ। ਮੈਂ ਵੀ ਨਹੀਂ ਸੀ ਚਾਹੁੰਦੀ ਕਿ ਉਹ ਕੁਝ ਵੀ ਕਵ੍ਹੇ। ਇਹਨਾਂ ਝੂਠਿਆਂ ਰਿਸ਼ਤਿਆਂ ਦਾ ਕੀ ਮਤਲਬ ? ਉਹ ਕਾਮਰੇਡ ਹੈ, ਏਨਾ ਹੀ ਕਾਫੀ ਹੈ।

"ਹੋਰ ਮੈਂ ਤੁਹਾਨੂੰ ਕੀ ਕਵ੍ਹਾਂ ?" ਉਹਨੇ ਬਚਿਆਂ ਵਾਂਗ ਪੁਛਿਆ ਸੀ।

"ਕਾਮਰੇਡ, ਸਾਥੀ ਕਾਫੀ ਨਹੀਂ ?" ਮੇਰੀ ਗੱਲ ਸੁਣਕੇ ਨਿਰਮਲ ਹੈਰਾਨ ਹੋ ਗਿਆ ਸੀ। ਨਿਆਣਾ ਸੀ ਨਾ, ਰਿਸ਼ਤੇ ਲਈ ਸ਼ਬਦਾਂ ਦਾ ਸਹਾਰਾ ਲਭਦਾ ਸੀ। ਮੈਂ ਜਾਣਦੀ ਸੀ, ਸਭ ਤੋਂ ਚੰਗਾ ਇਹੀ ਰਿਸ਼ਤਾ ਹੈ। ਹੋਰਾਂ ਵਾਂਗ ਕੱਚ ਦਾ ਫੁੱਲਦਾਨ ਨਹੀਂ ਕਿ ਟੁਟ ਜਾਵੇਗਾ। ਜੇ ਟੁਟਦਾ ਵੀ ਹੈ ਤਾਂ ਟੁਟੇ ਪਿਆ। ਹੋਰ ਕਿਸੇ ਥਾਂ ਜੁੜ ਜਾਵੇਗਾ। ਅਨੰਤਪੁਰ 'ਚ ਜਦੋਂ ਫਾਰੈਸਟ-ਇੰਸਪੈਕਟਰ ਵਿਸ਼ਣੂ ਦੱਤ ਵਰਮਾ ਨਾਲ ਮੁਲਾਕਾਤ ਹੋਈ ਸੀ ਤਾਂ ਕੀ ਪਤਾ ਸੀ ਕਿ ਉਹ ਧਾਰਮਿਕ ਜਿਹਾ, ਪੂਜਾ ਪਾਠ ਕਰਨ ਵਾਲਾ ਬੰਦਾ ਮੇਰੇ ਏਨੇ ਨੇੜੇ ਹੋ ਜਾਵੇਗਾ। ਇਸਦਾ ਇਕ ਕਾਰਨ ਸ਼ਾਇਦ ਉਹਦੀ ਧਾਰਮਿਕ ਆਸਥਾ ਸੀ ਤਦੇ ਉਹ ਦੁਖੀ ਨਹੀਂ ਸੀ ਹੁੰਦਾ। ਉਹਨੂੰ ਮੇਰੇ ਤੇ ਨਿਰਮਲ ਵਿਚਕਾਰ ਸੰਬੰਧਾਂ ਦਾ ਪਤਾ ਲੱਗਾ, ਉਹ ਤਾਂ ਵੀ ਦੁਖੀ ਨਹੀਂ ਸੀ ਹੋਇਆ। ਕਦੀ ਕਦੀ ਧਰਮ-ਪਰਚਾਰਕਾਂ ਵਾਂਗੂ ਕਹਿੰਦਾ—ਪ੍ਰੇਮ ਤਾਂ ਪੂਜਾ ਹੈ, ਭਗਤੀ ਹੈ ਆਪਣੇ ਆਰਾਧਿਅ ਦੀ। ਉਹਨੂੰ ਮੇਰੇ ਹੋਰਾਂ ਦੋਸਤਾਂ ਦੀਆਂ ਚਿਠੀਆਂ ਦੀ ਵੀ ਤਕਲੀਫ ਨਹੀਂ ਸੀ ਹੁੰਦੀ। ਪਰ ਨਿਰਮਲ ਕੁਝ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਹ ਵਰਮਾ ਦੇ ਜਾਣ ਪਿਛੋਂ ਖਿਝ ਕੇ ਕਹਿੰਦਾ—"ਇਹਨੂੰ ਲਾਹ ਸਿੱਟੋ ਨਾਲੋਂ। ਇਹ ਗੰਜਾ ਬਾਣੀਆ ਜਿਹਾ ਇਥੇ ਕਿਉਂ ਆਉਂਦਾ ਹੈ। ਤੁਸੀਂ ਉਸ ਬੁਢੇ ਖੂਸਟ ਕਲਾਕਾਰ ਦੇ ਰੁੱਕਿਆਂ ਦਾ ਜਵਾਬ ਕਿਉਂ ਦਿੰਦੇ ਹੋ ? ਉਹਨੂੰ ਮਿਲਣ ਕਿਉਂ ਜਾਂਦੇ ਹੋ ?"

ਨਿਰਮਲ ਇਸ ਤਰ੍ਹਾਂ ਗੱਲਾਂ ਕਰਦਾ ਸੀ, ਬੜੇ ਅਧਿਕਾਰ ਨਾਲ। ਇਕ ਦਿਨ ਮੈਂ ਉਹਨੂੰ ਕਹਿ ਹੀ ਦਿੱਤਾ, "ਮੇਰੇ 'ਤੇ ਤਾਂ ਅਧਿਕਾਰ ਮੇਰੇ ਪਤੀ ਦਾ ਵੀ ਨਹੀਂ। ਤੂੰ ਮੇਰੀ ਸੁਤੰਤਰਤਾ ਕਿਵੇਂ ਖੋਹ ਲਏਂਗਾ !"

ਇਸ ਦੇ ਉਲਟ ਵਰਮਾਂ ਨਿਰਮਲ ਦੀ ਸੁਖ ਸਾਂਦ ਪੁਛਦਾ। ਉਹਦੇ ਮੁੜ ਕੇ ਆਣ ਬਾਰੇ ਪੁਛਦਾ। ਪਰ ਨਿਰਮਲ ਉਹਦੇ ਪਿਆਰ ਨੂੰ ਫਰਾਡ ਦਸਦਾ।—ਕਦੇ ਮੈਨੂੰ ਲਗਦਾ, ਨਿਰਮਲ ਅਣਜਾਣ ਪੁਣੇ 'ਚ ਆਪ ਹਿਪੋਕ੍ਰੇਟ ਹੈ। ਉਹ ਮੇਰੇ ਸਾਹਮਣੇ ਬੈਠਾ ਉਂਜੇ ਕਮਲਾ ਜਿਹਾ ਹੋ ਜਾਂਦਾ।

ਬੌਂਗਿਆਂ ਵਰਗੀਆਂ ਹਰਕਤਾਂ ਕਰਦਾ, ਔਖੇ ਸਾਹ ਭਰਦਾ। ਮੇਰਾ ਹੱਥ ਫੜਦਾ, ਪਲੋਸੀ ਜਾਂਦਾ, ਚੁੰਮਣ ਲਗ ਪੈਂਦਾ। ਉਹ ਤਲੀ ਚੁੰਮਦਾ, ਉਂਗਲਾਂ ਚੁੰਮਦਾ, ਪੋਰ ਪੋਰ ਚੁੰਮਦਾ ਤੇ ਆਖਦਾ—"ਤੁਸੀਂ ਕਵੋ ਤਾਂ ਮੈਂ ਅੱਗ ਦੇ ਦਰਿਆ 'ਚ ਕੁੱਦ ਪਵਾਂ !"

"ਇਹ ਕੀ ਪਾਗਲਪਣ ਏ ?"—ਮੈਂ ਖਿਝ ਕੇ ਆਖਦੀ ਤਾਂ ਉਹ ਰੁਕ ਜਾਂਦਾ। ਤਰਸ-ਮੰਗਦੀਆਂ ਨਜ਼ਰਾਂ ਨਾਲ ਮੈਨੂੰ ਵੇਖਦਾ। ਮੈਂ ਇਹ ਗੱਲ ਇਸ ਲਈ ਨਹੀਂ; ਸਗੋਂ ਇਸ ਲਈ ਕਹਿੰਦੀ ਸੀ ਪਈ ਉਹਦੇ ਅੰਦਰਲੇ ਹੜ੍ਹ ਨੂੰ ਜ਼ਰਾ ਡੱਕਾ ਲਗ ਜਾਵੇ। ਨਹੀਂ ਤਾਂ ਉਹ ਏਨਾ ਅੱਗੇ ਵਧ ਜਾਂਦਾ ਕਿ ਮੈਨੂੰ ਆਪਣਾ ਆਪ ਮੰਦਾ ਮੰਦਾ ਲਗਣ ਲਗ ਪੈਂਦਾ। —ਸ਼ਾਇਦ ਇਹੀ ਸਾਹਾਂ ਦੇ ਉਲਝਣ ਦਾ ਮੋਹ ਸੀ, ਜਿਹੜਾ ਉਹਨੂੰ ਵੀਹ ਵੀਹ ਮੀਲ ਤੋਂ ਧਰੂ ਲਿਆਂਦਾ ਸੀ।

ਪਰ ਮੈਨੂੰ ਇਹ ਸਭ ਕੁਝ ਤਮਾਸ਼ਾ ਜਿਹਾ ਲਗਦਾ—ਉਹਦੇ ਫਿਲਮੀ ਜਿਹੇ ਡਾਇਲਾਗ, ਕਮਲੀਆਂ ਹਰਕਤਾਂ। ਮੈਨੂੰ ਜਾਪਦਾ, ਮੈਂ ਇਸ ਨਾਟਕ ਦੀ ਪਾਤਰ ਹੁੰਦੀ ਹੋਈ ਵੀ ਪਾਤਰ ਨਹੀਂ। ਦਰਸ਼ਕ ਹਾਂ। ਇਹ ਨਾਟਕ ਮੇਰੇ ਲਈ ਨਵਾਂ ਨਹੀਂ, ਪਰ ਏਨਾ ਦਿਲ-ਖਿੱਚਵਾਂ ਹੈ ਕਿ ਦੇਖਣ ਦਾ ਮੋਹ ਛੱਡ ਨਹੀਂ ਹੁੰਦਾ।

ਥੋੜੇ ਹੀ ਚਿਰ 'ਚ ਮੈਨੂੰ ਪਤਾ ਲਗ ਗਿਆ ਪਈ ਉਹ ਲਿਟਰੇਚਰ ਕਿਥੇ ਛਪਦਾ ਹੈ, ਜਿਹੜਾ ਇਥੇ ਲਿਆ ਕੇ ਅੱਗੇ ਟੋਰ ਦਿਤਾ ਜਾਂਦਾ ਸੀ। ਇਹ ਨੌਜਵਾਨ ਮੁੰਡੇ, ਵਿਦਿਆਰਥੀ ਤੇ ਟੀਚਰ ਪ੍ਰੋਫੈਸਰ ਰਾਤਾਂ ਨੂੰ ਕਿਉਂ ਭੱਜੇ ਫਿਰਦੇ ਨੇ। ਅਖਬਾਰਾਂ 'ਚ ਛਪੀਆਂ ਪੁਲੀਸ-ਮੁਕਾਬਲੇ ਦੀਆਂ ਖਬਰਾਂ ਏਨੀ ਦਿਲਚਸਪੀ ਨਾਲ ਕਿਉਂ ਪੜ੍ਹਦੇ ਨੇ। ਨਿਰਮਲ ਮੈਨੂੰ ਆਪਣਾ ਬੈਗ ਕਿਉਂ ਨਹੀਂ ਵਿਖਾਂਦਾ।

ਫੇਰ ਮੈਨੂੰ ਪਤਾ ਲਗਾ ਪਈ ਮੰਗਲ ਸਿੰਘ ਵੀ ਇਸੇ ਮਿਸ਼ਨ 'ਤੇ ਇਥੇ ਆਇਆ ਹੋਇਆ ਸੀ। ਲੁਕਵੇਂ ਪ੍ਰੈਸ ਦੀ ਮਸ਼ੀਨ ਉਹੀ ਚਲਾਂਦਾ ਸੀ।

ਫੇਰ ਤਾਂ ਉਹੀ ਲਿਟਰੇਚਰ ਜਿਸ ਤੋਂ ਮੈਂ ਡਰਨ ਲਗ ਪਈ ਸੀ, ਮੇਰੀ ਜਾਨ ਦਾ ਹਿੱਸਾ ਬਣ ਗਿਆ। ਮੈਂ ਉਹਨੂੰ ਆਪਣੀ ਖੱਲ ਦੇ ਹੇਠਾਂ ਵੀ ਲੁਕਾ ਕੇ ਲਈ ਫਿਰਦੀ। ਨੇਤਾਵਾਂ ਦੇ ਸੁਨੇਹੇ ਲੈ ਜਾਣੇ, ਲਿਟਰੇਚਰ ਵੰਡਣਾ, ਆਪਣੀ ਜਾਨ ਨੂੰ ਖਤਰੇ 'ਚ ਪਾ ਕਾਮਰੇਡ ਨੂੰ ਬਚਾਣਾ—ਇਹ ਸਭ ਕੁਝ ਮੈਨੂੰ ਕਿਸੇ ਨੇ ਸਿਖਾਇਆ ਨਹੀਂ ਸੀ, ਆਪੇ ਆ ਗਿਆ ਸੀ। ਮੈਨੂੰ ਭੁੱਲ ਹੀ ਗਿਆ ਸੀ ਕਿ ਮੇਰਾ ਪਤੀ ਹੈ, ਦੋ ਬੱਚੇ ਨੇ। ਪਤੀ ਦੀ ਨੌਕਰੀ ਖੁੱਸ ਸਕਦੀ ਹੈ।

ਫੇਰ ਨਿਰਮਲ ਦਾ ਆਣ ਜਾਣ ਘਟ ਗਿਆ ਸੀ। ਮੈਂ ਆਪ ਘਟਾ ਦਿਤਾ ਸੀ। ਉਹ ਮੇਰੇ ਨੇੜੇ ਹੋ ਕੇ ਚੋਚਲੇ ਕਰਦਾ ਘਟੀਆ ਜਿਹਾ ਕਾਮਰੇਡ ਲਗਦਾ। ਉਹ ਰੋਮਾਂਟਿਕ ਕਵੀਆਂ ਨੂੰ ਘੱਗਰੀ ਦੇ ਨਾਲੇ ਨਾਲ ਬੱਝੇ ਹੋਏ ਕਹਿਣ ਵਾਲਾ, ਆਪ ਪੇਟੀ ਕੋਟ ਨਾਲ ਚੰਬੜਿਆ ਜਾਪਦਾ ਸੀ।

ਕਾਮਰੇਡ ਮੰਗਲ ਸਿੰਘ ਕਹਿੰਦਾ ਹੁੰਦਾ ਸੀ—ਜਿੰਨਾ ਚਿਰ ਸ਼ੀਲ ਪੁਲੀਸ ਦੀ ਨਜ਼ਰ 'ਚ ਨਹੀਂ ਆਉਂਦੀ, ਸਾਡਾ ਪੂਰਾ ਸੈੱਲ ਕੰਮ ਕਰਦਾ ਰਵ੍ਹੇਗਾ।

ਇਹ ਕੰਮ ਕਰਦਿਆਂ ਮੈਨੂੰ ਲੱਗਾ, ਵਿਸ਼ਣੂ ਵਰਮਾ ਨੇ ਜਿਹੜੀ "ਕਿਸੇ ਘਾਟ" ਦੀ ਗੱਲ ਪੁਛੀ ਸੀ, ਉਹ ਹੁਣ ਪੂਰੀ ਹੋ ਗਈ ਹੈ। ਨਿਰਾਸ਼ਾ 'ਚ ਬਾਰ ਬਾਰ ਉਠਦੇ ਇਸ ਸਵਾਲ ਦਾ ਜਵਾਬ ਮਿਲ ਗਿਆ ਹੈ ਕਿ ਆਖਰ ਜੀਵਨ ਦਾ ਮਨੋਰਥ ਕੀ ਹੈ ? ਢਿੱਲੇ, ਸੁਸਤ ਤੇ ਨਿਰਜਿੰਦ ਜਿਹੇ ਮੇਰੇ ਅੰਗਾਂ 'ਚ ਏਨੀ ਫੁਰਤੀ ਆ ਗਈ ਸੀ ਕਿ ਮੈਂ ਸੋਚ ਹੀ ਨਹੀਂ ਸਕਦੀ ਸੀ। ਮੈਂ ਦੱਸ ਸਕਦੀ ਸੀ

ਕਿ ਵਿਅਤਨਾਮ ਦੀ ਇਸਤ੍ਰੀ ਕਿਵੇਂ ਯੁਧ ਲੜਦੀ ਹੈ ।

ਅਸਲ 'ਚ ਇਸ "ਘਾਟ" ਦੇ ਜਨਮ ਦੀ ਜ਼ੁਮੇਵਾਰੀ ਮੇਰੇ ਉਸ ਕਲਾ-ਗੁਰੂ ਦੀ ਵੀ ਹੈ ਜਿਸ ਨੂੰ ਹੁਣ ਮੈਂ ਆਪ ਫਰਾਡ ਮੰਨਣ ਲਗ ਪਈ ਹਾਂ । ਉਹਦੀ ਸੱਚੀ ਮੁਚੀਂ ਦੀ ਦਾਹੜੀ ਵੀ ਨਕਲੀ ਲਗਦੀ ਹੈ ।

ਕਲਾ ਦਾ ਸ਼ੌਕ ਮੈਨੂੰ ਕਾਲਿਜ ਦੇ ਦਿਨਾਂ ਤੋਂ ਸੀ । ਇਹ ਗੁਰੂ ਉਦੋਂ ਅੰਮ੍ਰਿਤਸਰ ਰਹਿੰਦਾ ਸੀ । ਇਹਦੀਆਂ ਦੋ ਤਿੰਨ ਤਸਵੀਰਾਂ ਦੀਆਂ ਧੁੰਮਾਂ ਪਈਆਂ ਹੋਈਆਂ ਸਨ । ਮੈਨੂੰ ਪਾਗਲ ਕਰਨ ਲਈ ਏਨਾ ਹੀ ਕਾਫੀ ਸੀ । ਜਦੋਂ ਉਹਨੇ ਇਸ ਪਹਾੜੀ ਇਲਾਕੇ 'ਚ ਆਪਣਾ ਬੰਗਲਾ ਪਾਇਆ ਤਾਂ ਇਕ ਵਾਰ ਉਹਦੇ ਅੰਦਰ ਵੜ ਕੇ ਬਾਹਰ ਨਿਕਲਣ ਨੂੰ ਦਿਲ ਨਹੀਂ ਸੀ ਕਰਦਾ । ਬੁਢਾ ਤਲਾ 'ਚ ਨ੍ਹਾ ਕੇ ਆਪਣੀ ਸੇਵਕਾ ਦੇ ਮੋਢੇ ਦੇ ਸਹਾਰੇ ਅੰਦਰ ਆਉਂਦਾ ਤਾਂ ਮੇਰਾ ਮਨ ਕਰਦਾ ਕਿ ਉਹਦੇ ਹੱਥਾਂ 'ਤੇ ਮੇਰੇ ਮੋਢੇ ਹੋਣੇ ਚਾਹੀਦੇ ਨੇ । ਉਹ ਸਹਾਰਾ ਇਸ ਲਈ ਨਹੀਂ ਸੀ ਲੈਂਦਾ ਕਿ ਉਹਦਾ ਸਰੀਰ ਬੁਢਾ ਸੀ, ਸਗੋਂ ਇਸ ਲਈ ਕਿ ਉਹਨੂੰ ਗੋਲ ਮੋਢਿਆਂ ਦੀ ਭੁਖ ਸੀ । ਇਸੇ ਲਈ ਉਹਦਾ ਸਾਹ ਮੇਰੇ ਕੰਨਾਂ ਤਕ ਆ ਜਾਂਦਾ ਸੀ । ਉਹਦੇ ਬੰਗਲੇ ਦੇ ਰਹੱਸਮਈ ਵਾਤਾਵਰਨ ਨੇ ਮੈਨੂੰ ਅਨੰਤ-ਪੁਰ ਬੁਲਾਇਆ ਸੀ । ਮੈਂ ਆਪਣੇ ਆਪ ਨੂੰ ਖੋਲ 'ਚ ਵਲ੍ਹੇਟ ਲਿਆ ਸੀ । ਉਹ ਖੋਲ ਕਾਮਰੇਡ ਦਰਸ਼ਨ ਨੇ, ਮੰਗਲ ਨੇ, ਨਿਰਮਲ ਨੇ ਤੇ ਸਭ ਤੋਂ ਵਧ ਇਸ ਕ੍ਰਾਂਤੀਕਾਰੀ ਲਹਿਰ ਨੇ ਤੋੜ ਸੁਟਿਆ ।

ਏਨੀ ਨਿਡਰ ਹੋ ਕੇ ਵੀ ਨਿਰਮਲ ਨੂੰ ਵੇਖ ਵੇਖ ਮੈਨੂੰ ਡਰ ਲਗਦਾ ਸੀ—ਪਈ ਇਹ ਮਾਸੂਮ ਨੌਜਵਾਨ ਕਿਤੇ ਮਾਰਿਆ ਨਾ ਜਾਵੇ । ਉਹਦੀਆਂ ਨਿਡਰ ਬੇਪਰਵਾਹ ਤੇ ਪਿਆਰ ਭਰੀਆਂ ਅੱਖਾਂ ਕਿਸੇ ਦਿਨ ਆਪਣੇ ਪੋਟਿਆਂ ਨਾਲ ਬੰਦ ਨਾ ਕਰਨੀਆਂ ਪੈ ਜਾਣ ।

ਜਦੋਂ ਸਿੰਦੀ ਨਿੱਕਾ ਜਿਹਾ ਸੀ, ਉਹਨੂੰ ਵੇਖ ਵੇਖ ਮੇਰੇ ਬਲਾਉਜ਼ ਦੇ ਬਟਨ ਬੇ-ਅਖਤਿਆਰ ਖੁਲ੍ਹ ਜਾਂਦੇ ਸਨ । ਉਹਦੇ ਵੱਡੇ ਹੋਣ 'ਤੇ ਵੀ ਮੈਂ ਚਾਹੁੰਦੀ ਸੀ ਕਿ ਉਹ ਮੇਰੇ ਨਾਲ ਹੀ ਲੇਟਿਆ ਰਵ੍ਹੇ । ਗੁਰੂ ਕਲਾਕਾਰ ਦੇ ਮੋਹ ਨੇ ਵੀ ਮੈਨੂੰ ਇਸੇ ਤਰ੍ਹਾਂ ਬੇਵਸ ਕੀਤਾ ਸੀ ਤੇ ਫੇਰ ਨਿਰਮਲ ਦੇ ਪਾਗਲਪਣ ਨੇ । ਪਰ ਹੁਣ, ਹੁਣ ਮੈਂ ਉਹਨਾਂ ਤੋਂ ਬਿਨਾਂ ਵੀ ਪੂਰੀ ਹਾਂ । ਆਪਣੇ ਆਪ 'ਚ ਇਕ ਇਕਾਈ ।

## ਨਿਰਮਲ ਆਖਿਆ

ਮੈਨੂੰ ਪਹਿਲਾਂ ਹੀ ਡਰ ਸੀ ਕਿ ਸ਼ੀਲ ਗਰਿਫਤਾਰ ਹੋ ਜਾਵੇਗੀ । ਉਹ ਇਕ ਮਹੀਨਾ ਪਹਿਲੋਂ ਹੀ ਡਰਨ ਲਗ ਪਈ ਸੀ । ਜਿਹੜਾ ਡਰਨ ਲਗ ਪਏ, ਉਹ ਫੜਿਆ ਜਾਂਦਾ ਹੈ । ਨਿਡਰ ਸ਼ਹੀਦ ਹੁੰਦਾ ਹੈ ਜਾਂ ਆਜ਼ਾਦ । ਮੈਂ ਆਜ਼ਾਦ ਹਾਂ । ਅੰਡਰ-ਗਰਾਊਂਡ ਹੋਣ 'ਤੇ ਵੀ ਮੈਂ ਪਿੰਡੀਂ ਸ਼ਹਿਰੀਂ ਹਰ ਥਾਂ ਜਾਂਦਾ ਹਾਂ । ਦਿਨੇ ਵੀ ਗੱਡੀਆਂ ਬੱਸਾਂ 'ਚ ਸਫਰ ਕਰਦਾ ਹਾਂ । ਮੂਰਖ ਕਾਮਰੇਡ ਤੇ ਹਮਦਰਦ ਮੇਰੇ 'ਤੇ ਪੁਲਸ ਨਾਲ ਮਿਲਣ ਦਾ ਸ਼ੱਕ ਕਰਦੇ ਨੇ । ਸ਼ੱਕ ਦਾ ਇਹ ਪਰਦਾ ਏਨ੍ਹਾ ਖਤਰਨਾਕ ਕੰਮ ਕਰਦੇ ਹੋਏ ਕਦੇ ਨਾ ਕਦੇ ਐਵੇਂ ਵਿਚਕਾਰ ਤਣ ਜਾਂਦਾ ਹੈ । ਪਰ ਸ਼ੀਲ ਇਸ ਪਰਦੇ ਤੋਂ ਮੁਕਤ ਸੀ । ਪਾਰਟੀ ਦਾ ਕੰਮ ਹੋਵੇ ਜਾਂ ਪਿਆਰ—ਉਹਨੇ ਹਰ ਕੰਮ ਦੂਜੇ 'ਤੇ ਵਿਸ਼ਵਾਸ ਕਰਕੇ ਕੀਤਾ ।

ਪਰ ਉਹ ਨਰਮ ਜਾਨ ਹੈ। ਬੁਢੇ ਫਰਾਡ ਕਲਾਕਾਰ ਦੇ ਖੋਲ 'ਚੋਂ ਨਿਕਲਿਆਂ ਹਾਲੇ ਉਹਨੂੰ ਬਹੁਤਾ ਚਿਰ ਨਹੀਂ ਹੋਇਆ। ਹਾਲੇ ਚਮੜੀ ਉਤੇ ਧੁੱਪ ਤੇ ਕੋਰੇ ਨਾਲ ਸਖਤੀ ਪੈਦਾ ਨਹੀਂ ਹੋਈ ਜਿਹੜੀ ਕਿਰਤੀਆਂ ਦੇ ਬੱਚਿਆਂ 'ਚ ਜਨਮ ਤੋਂ ਹੀ ਪੈਦਾ ਹੋ ਜਾਂਦੀ ਹੈ। ਤਦੇ ਉਹ ਏਨੇ ਖੁਫੀਆਂ ਕੰਮਾਂ ਦੇ ਭੇਤ ਦਾ ਬੋਝ ਨਾ ਝਲ ਸਕੀ ਤੇ ਸਭ ਕੁਝ ਉਸ ਬੁੱਢੇ ਨੂੰ ਦੱਸ ਦਿਤਾ, ਜੀਹਦੇ ਕੋਲ ਬੁਰਜਵਾ ਤੇ ਰੋਗੀ ਰੁਚੀਆਂ ਵਾਲੇ ਕਲਾਕਾਰ ਆ ਕੇ ਠਹਿਰਦੇ ਨੇ।

ਇਕ ਵਾਰ ਮੈਂ ਉਹਦੇ ਬੰਗਲੇ 'ਚ ਗਿਆ, ਜੀਹਨੂੰ ਉਹ ਕੁਟੀਆ ਆਖਦਾ ਹੈ। ਬੜਾ ਤੇਜ਼-ਗੁਫਤਾਰ ਹੈ ਬੁਢਾ। ਪੜ੍ਹਿਆ ਲਿਖਿਆ ਸ਼ੈਤਾਨ ਹੈ। ਪੁਰਾਣਾ ਵਿਚਲਿਆ ਕਮਿਊਨਿਸਟ ਹੈ। ਮੈਨੂੰ ਗੱਲ ਨਾ ਕਰਨ ਦਿਤੀ। ਅਖੀਰ ਜਦੋਂ ਨਸੀਹਤਾਂ 'ਤੇ ਉਤਰ ਆਇਆ ਤਾਂ ਮੈਂ ਕਿਹਾ—ਮੈਂ ਤੁਹਾ-ਡੀਆਂ ਨਸੀਹਤਾਂ ਸੁਣਨ ਨਹੀਂ ਆਇਆ, ਕੁਝ ਦੱਸਣ ਆਇਆ ਹਾਂ। ਤੁਸੀਂ ਲੋਕਾਂ ਤੋਂ ਡਰਦੇ ਇਥੇ ਆ ਲੁਕੇ ਹੋ। ਕੁਦਰਤ ਦੀਆਂ ਤਸਵੀਰਾਂ ਬਣਾਉਂਦੇ ਹੋ, ਦੇਵੀ ਦੇਵਤਿਆਂ ਦੇ ਚਿਤਰ ਵਾਹੁੰਦੇ ਹੋ। ਬੁਰਜਵਾ ਲੋਕਾਂ ਨੂੰ ਭਾਵੁਕ ਬਣਾ ਕੇ ਲੁਟਦੇ ਹੋ ਤੇ ਆਪਣੇ ਆਪ ਨੂੰ ਬੇ ਪੀਰ ਫਕੀਰ ਬਾਦਸ਼ਾਹ ਕਹਿੰਦੇ ਹੋ। ਇਹ ਸਭ ਪਖੰਡ ਹੈ। ਕਿਥੇ ਹੈ ਤੁਹਾਡੀ ਕਲਾਕਾਰਾਂ ਵਾਲੀ ਆਜ਼ਾਦੀ? ਤੁਸੀਂ ਅਮੀਰਾਂ ਦੇ ਟੁਕੜ-ਬੋਚ ਹੋ। ਮੈਦਾਨਾਂ 'ਚ ਗਰੀਬਾਂ ਨੇ ਜੰਗ ਛੇੜ ਦਿਤੀ ਹੈ ਤੇ ਤੁਸੀਂ ਵਿਸ਼ਨੂ ਭਗਵਾਨ ਬਣਾਈ ਜਾਂਦੇ ਹੋ।

ਮੈਂ ਏਨੇ ਗੁੱਸੇ 'ਚ ਸੀ ਕਿ ਕੁਝ ਵੀ ਕਹਿ, ਕੁਝ ਵੀ ਕਰ ਸਕਦਾ ਸੀ। ਮੈਂ ਉਠ ਕੇ ਲੱਤ ਮਾਰ ਕੇ ਵਿਸ਼ਨੂ ਵਾਲਾ ਉਹਦਾ ਈਜ਼ਲ ਮੂਧਾ ਮਾਰ ਦਿਤਾ ਤੇ ਬਾਹਰ ਨਿਕਲ ਆਇਆ।

ਜਦੋਂ ਮੈਂ ਮਾਸਟਰ ਦਰਸ਼ਨ ਦੀ ਚਿਠੀ ਲੈ ਕੇ ਸ਼ੀਲ ਦੇ ਬੂਹੇ 'ਤੇ ਆਇਆ ਤਾਂ ਮੈਨੂੰ ਲੱਗਾ, ਮੈਂ ਗਲਤ ਥਾਂ ਆ ਗਿਆ ਹਾਂ। ਇਹ ਕਾਮਰੇਡ ਸ਼ੀਲ ਦਾ ਘਰ ਨਹੀਂ ਹੋ ਸਕਦਾ। ਉਹਦਾ ਸਜਾਵਟੀ ਜਿਹਾ ਬਗੀਚਾ, ਵੇਲਾਂ ਵਾਲਾ ਵਰਾਂਡਾ—ਸਭ ਕੁਝ ਬੁਰਜਵਾ ਰੁਚੀਆਂ ਵਾਲਾ ਸੀ। ਉਹਦੀ ਅਵਾਜ਼ 'ਚ ਜਿਹੜੀ ਨਰਮੀ ਤੇ ਨਿੱਘ ਸੀ, ਉਹ ਵੀ ਖਿੱਚ ਕੇ ਪੈਦਾ ਕੀਤਾ ਹੋਇਆ ਸੀ। ਪਰ ਉਹਦਾ ਦਿਲ ਇਨਸਾਨ ਦੇ ਪਿਆਰ ਨਾਲ ਨੱਕੋ ਨੱਕ ਸੀ। ਉਹ ਗੱਲਾਂ ਕਰਦੀ, ਬਹਿੰਦੀ ਉਠਦੀ, ਖਾਂਦੀ ਪੀਂਦੀ ਜੀਵਨ ਦੇ ਹਰ ਪਲ ਨੇਕ ਇਨਸਾਨ ਸੀ।

ਪਹਿਲੀ ਵਾਰ ਮੈਂ ਐਸੀ ਔਰਤ ਦੇਖੀ ਸੀ ਜਿਹੜੀ ਮਰਦ ਦੇ ਹੱਥ ਲਗਣ ਨਾਲ ਭਿੱਟੀ ਨਹੀਂ ਸੀ ਜਾਂਦੀ। ਉਹ ਕਹਿੰਦੀ ਸੀ—ਜੇ ਮੇਰਾ ਹੱਥ ਲਗਿਆਂ ਤੈਨੂੰ ਕੁਝ ਨਹੀਂ ਹੁੰਦਾ ਤਾਂ ਤੇਰਾ ਹੱਥ ਲਗਿਆਂ ਮੈਨੂੰ ਕੀ ਹੋਣੈ। ਪਰ ਸੱਚੀ ਗੱਲ ਇਹ ਸੀ, ਉਹਨੂੰ ਕੁਝ ਹੋਵੇ ਨਾ ਹੋਵੇ, ਉਹਦਾ ਪੋਟਾ ਵੀ ਲਗਣ ਨਾਲ ਮੇਰੇ ਅੰਦਰ ਬਿਜਲੀ ਦਾ ਕਰੰਟ ਵੜ ਜਾਂਦਾ ਸੀ। ਮੇਰਾ ਆਪਣਾ ਹੱਥ ਜੇ ਖਰਗੋਸ਼ ਦੇ ਨਰਮ ਵਾਲਾਂ ਜਾਂ ਕੂਲੇ ਕਪੜੇ ਨੂੰ ਲੱਗ ਜਾਵੇ, ਮੈਨੂੰ ਤਾਂ ਵੀ ਕੁਝ ਹੋ ਜਾਂਦਾ ਹੈ। ਏਨਾ ਖੁਫੀਆ ਤੇ ਖਤਰਨਾਕ ਕੰਮ ਕਰਦੇ ਹੋਏ ਵੀ ਕਦੇ ਨਾ ਕਦੇ ਮਨ 'ਚ ਆ ਜਾਂਦੀ ਸੀ ਕਿ ਹੱਥ ਨੂੰ ਕੋਈ ਨਰਮ ਚੀਜ਼ ਛੁਹ ਜਾਵੇ।

ਪਹਿਲੇ ਕੁਝ ਦਿਨਾਂ 'ਚ ਹੀ ਮੈਨੂੰ ਅਨੁਭਵ ਹੋਣ ਲਗ ਪਿਆ ਸੀ ਕਿ ਮੇਰਾ ਆਪਣੇ ਆਪ 'ਤੇ ਕਾਬੂ ਨਹੀਂ ਰਿਹਾ। ਫੇਰ ਲੱਗਾ, ਇਸ ਘਰ 'ਚੋਂ ਮੈਨੂੰ ਕਢਣ ਲਈ ਹੋਣੀ ਆਵੇਗੀ ਜਾਂ ਲਾਲ ਪੱਗਾਂ ਵਾਲੇ ਜ਼ੰਜੀਰਾਂ ਲੈ ਕੇ।......

ਕਦੇ ਕਦੇ ਉਹ ਖਿਝੀ ਲਗਦੀ, ਪਰ ਜਦੋਂ ਕਿਨ੍ਹੇ ਦਿਨਾਂ ਬਾਦ ਮਿਲ ਕੇ ਪਿਆਰ ਦੀ ਨਜ਼ਰ

ਨਾਲ ਦੇਖਦੀ ਤਾਂ ਲਗਦਾ, ਮੇਰੇ ਅੰਦਰ ਹੜ੍ਹ ਆ ਗਿਆ ਹੈ। ਪਰ ਥਲਾਂ 'ਚ ਸਿੰਮੀ ਜਾਂਦਾ ਹੈ। ਨਾ ਹੜ੍ਹ ਮੁਕਦਾ ਹੈ, ਨਾ ਥਲ।

ਮੈਨੂੰ ਉਹਨਾਂ ਕਾਮਰੇਡਾਂ 'ਤੇ ਖਿਝ ਆਉਣੋਂ ਹਟ ਗਈ ਸੀ ਜਿਹੜੇ ਕ੍ਰਾਂਤੀ ਲਈ ਲੜਦੇ ਪਿਆਰ-ਗੀਤ ਲਿਖਦੇ ਨੇ, ਗਾਉਂਦੇ ਨੇ। ਮੈਨੂੰ ਲੱਗਾ, ਇਹ ਜ਼ਰੂਰੀ ਹੈ ਜਾਂ ਨਹੀਂ, ਕੋਈ ਬਹਿਸ ਵਾਲੀ ਗੱਲ ਨਹੀਂ। ਪਰ ਜੇ ਕਿਤੇ ਪਿਆਰ ਹੋ ਜਾਵੇ ਤਾਂ ਇਹ ਜ਼ਿੰਦਗੀ ਭਰ ਦੀ ਕਸਕ ਜਿਹੀ, ਦਰਦ ਜਿਹਾ, ਰੂਹ 'ਚ ਕਿਤੇ ਚੁਭਦੀ ਛਿਲਤਰ ਜਿਹੀ, ਸਰੀਰ 'ਚ ਕਿਤੇ ਮੜਿਆ ਕਿੱਲ ਜਿਹਾ ਚੰਗਾ ਚੰਗਾ ਲਗਦਾ ਹੈ।

ਇਹ ਗੱਲਾਂ ਮੈਨੂੰ ਆਪ ਨਹੀਂ ਸੁਝੀਆਂ, ਸ਼ੀਲ ਦੀ ਸੰਗਤ 'ਚ ਬਹਿ ਕੇ ਪੈਦਾ ਹੋ ਗਈਆਂ ਸੀ। ਪਰ ਜਦੋਂ ਉਹ ਆਪ ਸਰਗਰਮ ਹੋ ਗਈ ਤਾਂ ਮੈਨੂੰ ਆਪਣੇ ਨਾਲੋਂ ਤੋੜਨ ਲਗ ਪਈ। ਚਿੜਨ ਲਗ ਪਈ ਮੇਰੀਆਂ ਭਾਵੁਕ ਗੱਲਾਂ ਤੋਂ। ਕਾਸ਼, ਉਹ ਮੇਰੀ ਅਵਸਥਾ ਨੂੰ ਸਮਝ ਸਕਦੀ।

ਕਦੇ ਕਦੇ ਮੈਨੂੰ ਲਗਦਾ, ਉਸ ਫਰਾਡ ਕਲਾਕਾਰ ਦੇ ਨਾਲ ਉਹ ਗੰਜਾ ਬਾਣੀਆ ਜਿਹਾ ਫਾਰੈਸਟ ਇਨਸਪੈਕਟਰ ਵੀ ਸ਼ੀਲ ਦੀ ਗਰਿਫਤਾਰੀ ਲਈ ਜ਼ੁਮੇਦਾਰ ਹੈ। ਉਹ ਹਰੇਕ ਆਉਣ ਜਾਣ ਵਾਲੇ ਨੂੰ ਗੌਰ ਨਾਲ ਵੇਖਦਾ ਸੀ ਤੇ ਮੰਗਲ ਦਾ ਹਾਲ ਚਾਲ ਪੁਛਣ ਦੇ ਬਹਾਨੇ ਸਾਡੀਆਂ ਸਰਗਰ-ਮੀਆਂ ਨੋਟ ਕਰਦਾ ਸੀ। ਜਿਸ ਦਿਨ ਮੰਗਲ ਫੜਿਆ ਗਿਆ ਤੇ ਪ੍ਰੈਸ 'ਤੇ ਛਾਪਾ ਪਿਆ, ਉਸ ਤੋਂ ਪਹਿਲੀ ਰਾਤ ਨੂੰ ਵਰਮਾ ਇਥੋਂ ਚਲਿਆ ਗਿਆ ਸੀ। ਫੇਰ ਵੀਹ ਕੁ ਦਿਨਾਂ ਬਾਦ ਆਕੇ ਸਮਾਨ ਚੁਕ ਕੇ ਭੱਜ ਗਿਆ ਸੀ। ਮੇਰਾ ਖਿਆਲ ਹੈ, ਉਹਦੇ ਪਾਪ ਕੰਬਣ ਲਗ ਪਏ ਸੀ। ਉਹ ਪੁਲੀਸ ਤੋਂ ਮਹੀਨਾ ਲੈਂਦਾ ਸੀ।

ਮਾਸਟਰ ਦਰਸ਼ਨ ਵੀ ਮੂਰਖਤਾ ਕਰਦਾ ਰਿਹਾ। ਉਹ ਹਰੇਕ ਨੂੰ ਲੁਕਣ ਲਈ ਸ਼ੀਲ ਦਾ ਪਤਾ ਦੇਂਦਾ ਰਿਹਾ। ਫੇਰ ਇਥੋਂ ਤਕ ਕਿ ਉਚੀ ਪੱਧਰ ਦੀ ਮੀਟਿੰਗ ਵੀ ਉਥੇ ਹੀ ਕੀਤੀ ਗਈ। ਤਦੇ ਉਸ ਮੀਟਿੰਗ ਤੋਂ ਤਿੰਨ ਦਿਨ ਬਾਦ ਛਾਪਾ ਪੈ ਗਿਆ।

ਮੈਨੂੰ ਲਗਦਾ ਹੈ, ਸ਼ੀਲ ਕੰਮ ਦੀ ਸਖਤੀ ਝੱਲ ਗਈ, ਪਰ ਇੰਟੈਰੋਗੇਸ਼ਨ ਸੈਂਟਰ ਦੀਆਂ ਸਖਤੀਆਂ ਝੱਲ ਨਹੀਂ ਹੋਈਆਂ। ਉਹ ਬਕ ਪਈ ਹੋਵੇਗੀ। ਤਦੇ ਪੁਲਸ ਨੇ ਇਕ ਦਮ ਪੰਜਾਂ ਅੱਡਿਆਂ 'ਤੇ ਛਾਪਾ ਮਾਰਿਆ,ਮੰਗਲ ਦੇ ਫੜੇ ਜਾਣ 'ਤੇ ਅਸੀਂ ਨਿਸਚਿੰਤ ਸੀ। ਉਹ ਗੂੰਗਾ ਹੀ ਮਰ ਜਾਣ ਵਾਲਾ ਹੈ। ਪਰ ਸ਼ੀਲ......

## | ਦਰਸ਼ਨ ਆਖਿਆ |

ਸ਼ੀਲ ਦੀ ਨੌਂ ਮਹੀਨਿਆਂ ਦੀ ਨਜ਼ਰਬੰਦੀ ਤੋਂ ਬਾਦ ਮੈਂ ਉਹਨੂੰ ਜੇਲ੍ਹ ਦੇ ਬੂਹੇ 'ਤੇ ਲੈਣ ਗਿਆ। ਉਹਦੇ ਰਿਸ਼ਤੇਦਾਰਾਂ ਚੋਂ ਸਿਰਫ ਉਹਦਾ ਪਤੀ ਆਇਆ ਹੋਇਆ ਸੀ। ਸਾਰਾ ਕੇਸ ਵੀ ਉਸੇ ਨੇ ਲੜਿਆ ਸੀ।

ਵੱਡੇ ਫਾਟਕ ਚੋਂ ਨਿਕਲ ਕੇ ਉਹਨੇ ਮੇਰੇ ਵਲ ਵੀ ਦੇਖਿਆ। ਪਰ ਸਾਡੇ ਵਲ ਆਉਂਦੀ ਦੀ ਉਹਦੀ ਨਜ਼ਰ ਆਪਣੇ ਪਤੀ 'ਤੇ ਸੀ।...ਅਸੀਂ ਜੋ ਵੀ ਹਾਲ ਚਾਲ ਪੁਛਣ ਵਾਲੀ ਗੱਲ ਕੀਤੀ, ਉਖੜੀ ਉਖੜੀ ਸੀ।

ਅਸੀਂ ਨੇੜੇ ਦੇ ਰੈਸਟੋਰੈਂਟ 'ਚ ਬਹਿ ਕੇ ਚਾਹ ਪੀਣ ਲਗੇ। ਧਿਆਨ ਨਾਲ ਦੇਖਿਆ, ਸ਼ੀਲ ਦੇ ਅੱਧੇ ਵਾਲ ਚਿੱਟੇ ਹੋ ਗਏ ਸਨ। ਇਹ ਉਹਦੀ ਪੂਰੀ ਔਰਤ ਬਣਨ ਲਈ ਕੀਤੀ ਬੀਤੇ ਸੋਲਾਂ ਵਰ੍ਹਿਆਂ ਦੀ ਜਦੋ ਜਹਿਦ ਦਾ ਨਤੀਜਾ ਸੀ ਜਾਂ ਨੌਂ ਮਹੀਨਿਆਂ ਦੀ ਨਜ਼ਰਬੰਦੀ ਦਾ—ਕੁਝ ਕਿਹਾ ਨਹੀਂ ਸੀ ਜਾ ਸਕਦਾ।

ਉਹ ਘੱਟ ਬੋਲਦੀ ਸੀ, ਪਰ ਉਹਦੇ ਚਿਹਰੇ 'ਤੇ ਥਕਾਵਟ ਨਹੀਂ ਸੀ। ਗਲ੍ਹਾਂ ਤੇ ਮਥੇ 'ਚ ਕੁਝ ਤਾਜ਼ਗੀ ਸੀ। ਪਰ ਅੱਖਾਂ 'ਚ ਉਕਤਾਹਟ ਤੇ ਖਿਝ ਸੀ । ਉਹਦਾ ਪਤੀ ਹੱਥ ਧੋਣ ਲਈ ਜ਼ਰਾ ਪਰੇ ਹੋਇਆ ਤਾਂ ਸ਼ੀਲ ਜ਼ਰਾ ਮੁਸਕਰਾਈ। ਬੋਲੀ, ਮਾਸਟਰ ਦਰ...ਰਖਾ ਰਾਮ ਜੀ, ਕੀ ਹਾਲ ਏ ?" ਉਹ ਗਲਤੀ ਨਾਲ ਮੇਰਾ ਅਸਲੀ ਨਾਂ ਲੈਂਦੀ ਰੁਕ ਗਈ ਸੀ।

"ਹਾਲ ਚੰਗਾ ਨਹੀਂ।" ਮੈਂ ਆਖਿਆ, "ਤੈਨੂੰ ਪਤਾ ਈ ਐ, ਅੰਦਰ ਹਰ ਗੱਲ ਪਹੁੰਚਦੀ ਰਹੀ ਏ। ਸਥਿਤੀ ਨਿਰਾਸ਼ਾਜਨਕ ਏ।——ਤੂੰ ਆਪਣੀ ਸੁਣਾ, ਕਿਵੇਂ ਬੀਤੀ—ਹੁਣ ਕਿਹੜੇ ਗਰੁਪ ਨਾਲ ਏਂ ?"

"ਗੱਲ ਇਹ ਵੇ ਕਾਮਰੇਡ, ਹਾਲੇ ਮੈਂ ਗੱਲ ਕਰਨ ਜੋਗੀ ਨਹੀਂ। ਇਸ ਸਮੇਂ 'ਚ ਮੈਂ ਕਿੰਨੀ ਵਾਰ ਟੁੱਟ ਟੁੱਟ ਕੇ ਬਣੀ ਆਂ। ਲਗਦਾ ਰਿਹੈ—ਕੋਈ ਵੀ ਅੰਗ, ਕੋਈ ਵੀ ਵਿਚਾਰ ਸਾਬਤ ਨਹੀਂ। ਹਾਲੇ ਮੈਨੂੰ ਆਪਣੇ ਆਪ ਨੂੰ ਸੰਭਾਲਣ ਦਾ ਮੌਕਾ ਦਿਉ।" ਉਹ ਚੁਪ ਕਰ ਗਈ ਤਾਂ ਮੈਂ ਉਹਨੂੰ ਦਸਦਾ ਰਿਹਾ ਬਈ ਕੌਣ ਫੜਿਆ ਗਿਆ, ਕੌਣ ਮਾਰਿਆ ਗਿਆ। ਕੀਹਦੇ 'ਤੇ ਸ਼ਕ ਕੀਤਾ ਜਾ ਰਿਹਾ ਏ ਤੇ ਕੌਣ ਪੁਲੀਸ ਦਾ ਬੰਦਾ ਨਿਕਲਿਆ।

"ਬਸ ਬਈ ਹਾਲੇ ਮੈਨੂੰ ਕੁਝ ਨਾ ਦੱਸੋ।" ਉਹਨੇ ਮੈਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿਤਾ।

ਉਹਦਾ ਪਤੀ ਆਇਆ ਤਾਂ ਮੈਨੂੰ ਮਹਿਸੂਸ ਹੋਇਆ ਪਈ ਮੇਰੇ ਕੋਲ ਕਰਨ ਨੂੰ ਕੋਈ ਗੱਲ ਨਹੀਂ। ਨਾ ਇਹ ਸੁਣਨ ਜੋਗੀ ਹੈ। ਦਿਲ ਕੀਤਾ, ਖਿਸਕ ਜਾਵਾਂ, ਪੁਲੀਸ ਦੇ ਡਰ ਦਾ ਬਹਾਨਾ ਪਾ ਕੇ।

ਹਾਏ ! ਉਹ ਮਰਦ ਤੇ ਉਹ ਔਰਤ ਕਿਥੇ ਗਏ ਜਿਨ੍ਹਾਂ ਦੀਆਂ ਗੱਲਾਂ ਨਹੀਂ ਸਨ ਮੁਕਦੀਆਂ। ਜਿਹੜੇ ਮੌਤ ਦਿਸਣ 'ਤੇ ਵੀ ਵਿਛੜਨ ਨੂੰ ਤਿਆਰ ਨਹੀਂ ਸਨ ਹੁੰਦੇ। ਹਰ ਸਮੇਂ ਕੁਝ ਕਰਨ ਨੂੰ ਮਨ ਉਡਦਾ ਰਹਿੰਦਾ ਸੀ। ਉਹ ਮੇਰੀ ਹਰ ਗੱਲ, ਭਾਵੇਂ ਉਹ ਕੁੱਤੇ ਬਿੱਲੇ ਬਾਰੇ ਹੋਵੇ, ਸੁਣਨੋਂ ਥਕਦੀ ਨਹੀਂ ਸੀ। ਹੁਣ ਤਾਂ ਮਨ ਸਮੇਤ ਸਰੀਰ ਇਸ ਤਰ੍ਹਾਂ ਹੋ ਗਿਆ ਹੈ ਜਿਵੇਂ ਪੁਰਾਣੇ ਕੋਠੇ ਤੋਂ ਲਾਹੀ ਲਟੈਣ ਹੋਵੇ।

"ਔਰਤਾਂ ਦੀ ਜੇਹਲ 'ਚ ਮਰਦ ਕਰਮਚਾਰੀ ਤਾਂ ਆਂਦੇ ਹੋਣਗੇ ?" ਉਹਦੇ ਪਤੀ ਨੇ ਪੁਛਿਆ।

"ਨਹੀਂ, ਦਿਸਦਾ ਵੀ ਨਹੀਂ।——ਨਾ ਸੁਣੋ ਕਾਮਰੇਡ, ਜੇਹਲ 'ਚ ਰਹਿ ਕੇ ਮੈਨੂੰ ਮਹਿਸੂਸ ਹੋਇਆ ਪਈ ਇਸ ਸਮਾਜ 'ਚ ਗਰੀਬੀ ਦੇ ਦੁਖ ਦੇ ਨਾਲ ਔਰਤ ਹੋਣ ਦਾ ਆਪਣਾ ਵਖਰਾ ਦੁਖ ਹੈ। ਇਸਤ੍ਰੀ ਦੋਹਰੀ ਚੱਕੀ 'ਚ ਪਿਸਦੀ ਹੈ, ਕਾਮਰੇਡਾਂ ਦੇ ਘਰਾਂ 'ਚ ਵੀ——।"

ਮੈਂ ਹੈਰਾਨ ਸੀ, ਸ਼ੀਲ ਕਿਵੇਂ ਸੋਚਣ ਲਗ ਪਈ ਸੀ। ਪਹਿਲਾਂ ਤਾਂ ਉਹ ਮੰਨਦੀ ਸੀ ਕਿ ਇਸਤ੍ਰੀ ਦੀ ਆਜ਼ਾਦੀ ਵੀ ਇਸ ਪੂੰਜੀਵਾਦੀ ਪ੍ਰਬੰਧ ਤੋਂ ਮੁਕਤ ਹੋਣ ਨਾਲ ਜੁੜੀ ਹੋਈ ਹੈ। ਸ਼ਾਇਦ ਹੁਣ ਅਪਣੀ ਇਕੱਲੀ ਦੀ ਮੁਕਤੀ ਦੇ ਮੋਹ 'ਚ ਪੈ ਗਈ ਸੀ।

ਅਸੀਂ ਉਠ ਕੇ ਅੱਡੇ ਵਲ ਨੂੰ ਟੁਰ ਪਏ। ਮੋੜ 'ਤੇ ਖਲੋ ਕੇ ਮੈਂ ਪੁਛਿਆ, "ਹੁਣ ਤੁਸੀਂ ਕੀ ਕਰੋਗੇ ?"

"ਹੁਣ ! ਪਤਾ ਨਹੀਂ ਕੁਝ ! ਸ਼ਾਇਦ ਸਮਾਜੀ ਜ਼ਿੰਮੇਵਾਰੀਆਂ ਨਿਭਾਵਾਂ ਆਪਣੀ ਪਤੀ ਆਪਣੇ ਬਚਿਆਂ ਦੀਆਂ।— —ਸੁਣੋ, ਤੁਸੀਂ ਕੀ ਕਰੋਗੇ ?"

"ਮੈਂ, ਮੈਂ ਤਾਂ ਲੜਾਂਗਾ। ਮੇਰੇ ਅੰਦਰ ਵੱਡੀ ਸ਼ਕਤੀ ਲੁਕੀ ਹੋਈ ਹੈ। ਕੋਈ ਮੇਰੇ ਨਾਲ ਚਲੇ ਨਾ ਚਲੇ, ਮੈਂ ਤਾਂ ਪੱਥਰ ਚਟਣੇ। ਮੈਂ ਆਪਣਾ ਗਰੁੱਪ ਬਣਾਵਾਂਗਾ।"

ਉਹਨਾਂ ਤੋਂ ਵਿਛੜ ਕੇ ਮੈਂ ਮੋੜ ਮੁੜ ਗਿਆ, ਪਰ ਅੱਡੇ ਤੋਂ ਦੂਰ ਨਹੀਂ ਗਿਆ।

ਉਹ ਅੰਮ੍ਰਿਤਸਰ ਵਾਲੀ ਬੱਸ ਚੜ੍ਹ ਗਏ ਤਾਂ ਮੈਨੂੰ ਲੱਗਾ, ਮੇਰੀ ਸ਼ਕਤੀ ਨੂੰ, ਇਕ ਪਾਸੇ ਜ਼ਰਾ ਢਾਅ ਲਗੀ ਹੈ।— ਪਰ ਅਗਲੇ ਕੁਝ ਪਲਾਂ 'ਚ ਮੈਂ ਪਿੰਡ ਦੀ ਡੰਡੀ 'ਤੇ ਇਸ ਤਰ੍ਹਾਂ ਤੁਰ ਰਿਹਾ ਸੀ ਜਿਵੇਂ ਅਸ਼ਵਮੇਧ ਯੱਗ ਦਾ ਘੋੜਾ ਜਾ ਰਿਹਾ ਹੋਵੇ।

[593, ਮੋਤਾ ਸਿੰਘ ਨਗਰ, ਜਲੰਧਰ ਸ਼ਹਿਰ]

---

### **ਖਾਮੋਸ਼ ਰਹੋ**/ਇਬਨੇ ਇਨਸ਼ਾ (ਪਾਕਿਸਤਾਨ)

ਕੁਛ ਕਹਨੇ ਕਾ ਵਕਤ ਨਹੀਂ ਯੇ, ਕੁਛ ਨਾ ਕਹੋ, ਖ਼ਾਮੋਸ਼ ਰਹੋ
ਐ ਲੋਗੋ, ਖ਼ਾਮੋਸ਼ ਰਹੋ, ਹਾਂ ਐ ਲੋਗੋ ਖ਼ਾਮੋਸ਼ ਰਹੋ

ਸੱਚ ਅੱਛਾ ਪਰ ਸੱਚ ਕੇ ਜਲੌ ਮੇਂ ਜ਼ਹਰ ਕਾ ਹੈ ਇਕ ਪਿਆਲਾ ਭੀ
ਪਾਗਲ ਹੋ ? ਕਿਉਂ ਨਾਹਕ ਕੋ ਸੁਕਰਾਤ ਬਨੋ ? ਖ਼ਾਮੋਸ਼ ਰਹੋ

ਹੱਕ ਅੱਛਾ, ਪਰ ਹਕ ਕੇ ਲੀਏ ਕੋਈ ਔਰ ਮਰੇ ਤੋ ਔਰ ਅੱਛਾ
ਤੁਮ ਕੋਈ ਮਨਸੂਰ ਹੋ ਜੋ ਸੂਲੀ ਪੇ ਚੜ੍ਹੋ ? ਖ਼ਾਮੋਸ਼ ਰਹੋ

ਉਨਕਾ ਯੇ ਕਹਨਾ ਸੂਰਜ ਹੀ ਧਰਤੀ ਕੇ ਫੇਰੇ ਕਰਤਾ ਹੈ
ਸਰ ਆਖੋਂ ਪਰ, ਸੂਰਜ ਹੀ ਕੋ ਘੂਮਨੇ ਦੋ, ਖ਼ਾਮੋਸ਼ ਰਹੋ

ਗਰਮ ਆਂਸੂ ਔਰ ਠੰਢੀ ਆਹੇਂ, ਮਨ ਮੇਂ ਕਿਆ ਕਿਆ ਮੌਸਮ ਹੈਂ
ਇਸ ਬਗੀਆ ਕੇ ਭੇਦ ਨਾ ਖੋਲ੍ਹੋ, ਸੈਰ ਕਰੋ ਖ਼ਾਮੋਸ਼ ਰਹੋ

ਮਹਬਸ ਮੇਂ ਕੁਛ ਹਬਸ ਹੈ ਔਰ ਜ਼ੰਜੀਰ ਕਾ ਆਹਨ ਚੁਭਤਾ ਹੈ
ਫਿਰ ਸੋਚੋ, ਹਾਂ ਫਿਰ ਸੋਚੋ, ਹਾਂ ਫਿਰ ਸੋਚੋ, ਖ਼ਾਮੋਸ਼ ਰਹੋ

ਆਂਖੇਂ ਮੂੰਦ ਕਿਨਾਰੇ ਬੈਠੋ, ਮਨ ਕੇ ਰਖੋ ਬੰਦ ਕਿਵਾੜ
ਇਨਸ਼ਾ ਜੀ ਲੋ ਧਾਗਾ ਲੋ, ਲਬ ਸੀ ਲੋ, ਖ਼ਾਮੋਸ਼ ਰਹੋ।

## ਦੋ ਵਾਧੂ ਸ਼ਬਦ/ਗੁਰਦਿਆਲ ਸਿੰਘ

ਆਪਣੇ ਨਰੋਏ, ਭਾਰੇ ਸਰੀਰਾਂ, ਕੀਮਤੀ, ਧੋਤੇ-ਸਵਾਰੇ ਕਪੜਿਆਂ ਤੇ ਚਿਹਰੇ-ਮੋਹਰੇ ਦੇ ਰੋਹਬ-ਦਾਅਬ ਕਰਕੇ, ਉਹ ਸਾਰਿਆਂ ਤੋਂ ਵੱਖਰੇ ਲਗਦੇ ਸਨ। ਆਹਮੋ ਸਾਹਮਣੇ ਡੱਬੇ ਦੇ ਇਕ ਪਾਸੇ ਦੇ ਝਰੋਖਿਆਂ ਦੇ ਬਰਾਬਰ ਬਣੀਆਂ, ਕੱਲੀਆਂ ਕੱਲੀਆਂ, ਕੁਰਸੀਆਂ ਜਿਹੀਆਂ ਉਤੇ ਬੈਠਿਆਂ ਉਹਨਾਂ ਨੇ ਘਚੋਰਾਂ ਵਿਚ ਦੜ ਕੇ ਬੈਠੇ ਬੰਦਿਆਂ ਵਲ, ਕਈ ਵਾਰ ਤੱਕਿਆ। ਪਰ ਘਚੋਰਾਂ ਵਿਚ ਬੈਠੇ ਬੰਦੇ ਜਾਂ ਤਾਂ ਚੁਪ-ਚਾਪ ਗੱਡੀ ਦੇ ਤੁਰਨ ਦੀ ਉਡੀਕ ਕਰ ਰਹੇ ਸਨ ਜਾਂ ਆਪਣੀ 'ਕਬੀਲਦਾਰੀ' ਦੇ ਨਿੱਕੇ-ਮੋਟੇ ਫਿਕਰਾਂ ਦੀਆਂ ਗੱਲਾਂ ਵਿਚ ਉਲਝੇ ਬੈਠੇ ਸਨ। ਉਹਨਾਂ ਵਲ ਕਿਸੇ ਦਾ ਧਿਆਨ ਨਹੀਂ ਸੀ।

ਬਿੰਦ ਕੁ ਪਿਛੋਂ ਗੁਰਨੇਕ ਨੇ ਆਪਣਾ ਸਿਉਨੇ ਦਾ ਕੜਾ ਉਤਾਂਹ ਕੀਤਾ ਤੇ ਦੂਜੇ ਹੱਥ 'ਤੇ ਬੰਨ੍ਹੀ ਘੜੀ ਦੀਆਂ ਸੂਈਆਂ ਦੇਖਣ ਲੱਗ ਪਿਆ। ਕਪੂਰ ਚੰਦ ਉਸੇ ਵੇਲੇ ਆਪਣੀ ਨਵੀਂ ਗੁਰਗਾਬੀ ਵਲ ਵੇਖਦਾ, ਕੋਈ 'ਚੰਗੀ-ਜਿਹੀ' ਗੱਲ ਛੇੜਨ ਲਈ ਬੋਲਿਆ, "ਜਦੋਂ ਮੇਰਾ ਪਿਓ ਪਿੰਡੋਂ ਆਇਐ, ਓਦੋਂ ਤਾਂ ਆਪਣੇ ਪਿੰਡ 'ਚ ਸਾਰੀ ਤਿੰਨ ਹਜਾਰ ਮਣਾਂ ਫਸਲ ਨ੍ਹੀਂ ਹੁੰਦੀ ਹੋਣੀ— ਹੈ-ਕ-ਨਹੀਂ, ਗੁਰਨੇਕ ਸਿਆਂ ?"

ਗੁਰਨੇਕ ਸਿੰਘ ਨੇ ਸਿਰ ਹਿਲਾ ਕੇ ਹੁੰਗਾਰਾ ਭਰਿਆ। ਪਰ ਫੇਰ ਕਪੂਰ ਚੰਦ ਅਚਾਨਕ ਕੋਈ ਅਜਿਹੀ ਗੱਲ ਕਹਿ ਬੈਠਾ ਕਿ ਉਹ ਹੁੰਗਾਰਾ ਨਾ ਭਰ ਸਕਿਆ। ਸਿਰ ਮਾਰਦਿਆਂ ਬੋਲਿਆ, "ਨਹੀਂ, ਤੈਨੂੰ ਐਵੇਂ ਭਰਮ ਐਂ। ਤੁਸੀਂ ਚੰਗੇ ਓਂ !"

"ਤੈਨੂੰ ਵੀ ਐਵੇਂ ਫੇਰ ਭਰਮ ਈ ਐਂ। ਦੂਜੇ ਦੀ ਥਾਲੀ 'ਚ ਲੱਡੂ ਵੱਡਾ ਈ ਲਗਦਾ ਹੁੰਦੈ। ਬਪਾਰ 'ਚ ਹੁਣ ਹੈ ਕੀ ? ਸਾਨੂੰ ਤਾਂ ਟੈਕਸਾਂ ਆਲੇ ਈ ਨ੍ਹੀਂ ਸਾਹ ਲੈਣ ਦਿੰਦੇ।"

"ਕਿਉਂ ਕੁੜੀਆਂ ਨੂੰ ਗਿੱਧਾ ਸਖੌਨੈ ਕਪੂਰ ਚੰਦਾ ! ਥੋਨੂੰ ਤਾਂ ਐਸੇ ਦਾਅ ਆਉਂਦੇ ਐ ਬਈ ਜੇ ਥੋਡੇ ਸਾਰੇ ਰਾਹ ਵੀ ਕੋਈ ਰੋਕ—ਲੇ ਤਾਂ ਤੁਸੀਂ ਕਿਧਰੋਂ ਹੋਰ ਮੋਰੀ ਕਢ ਲੌਂਗੇ। ਬਿੱਲੀ ਆਂਗੂੰ ਇਕ ਦਾਅ ਤਾਂ ਹਰ ਵੇਲੇ ਥੋਡਾ ਵਾਧੂ ਹੁੰਦੈ—ਉਹਦਾ ਨ੍ਹੀਂ ਤੁਸੀਂ ਕਿਸੇ ਨੂੰ ਪਤਾ ਲੱਗਣ ਦਿੰਦੇ। ਇਹ ਤਾਂ ਥੋਨੂੰ ਬਸੇਖ ਐ।"

ਤੇ ਉਹ ਠਹਾਕਾ ਮਾਰ ਕੇ ਹੱਸ ਪਿਆ। ਕਪੂਰ ਚੰਦ ਵੀ ਹੱਸਿਆ। ਉਸੇ ਵੇਲੇ ਇਕ ਅਜੀਬ-ਜਿਹੀ ਕੂਕ ਸੁਣੀਂ। (ਗੱਡੀ ਨੂੰ ਡੀਜ਼ਲ ਇੰਜਨ ਲੱਗਿਆ ਹੋਇਆ ਸੀ।) ਕੋਈ ਅੱਧੇ-ਅੱਧੇ ਮਿੰਟ ਪਿਛੋਂ ਤਿੰਨ ਕੂਕਾਂ ਹੋਰ ਸੁਣੀਆਂ। ਕੂਕ ਸੁਣਦਿਆਂ ਈ ਘਚੋਰਾਂ ਵਿਚ ਬੈਠੇ ਬੰਦੇ ਚੁੱਪ ਹੋ ਜਾਂਦੇ। ਫੇਰ ਆਸ ਨਾਲ ਬਾਹਰ ਝਾਕਦੇ। ਪਰ ਬਿੰਦ ਕੁ ਪਿੱਛੋਂ ਢਿੱਲੀਆਂ ਆਵਾਜ਼ਾਂ ਨਾਲ, ਗੱਲਾਂ ਦੀਆਂ ਟੁਟੀਆਂ ਲੜੀਆਂ ਮੁੜ ਜੋੜਨ ਲਈ ਜਿਵੇਂ ਤਰਲੇ-ਜਿਹੇ ਮਾਰਨ ਲੱਗ ਪੈਂਦੇ।

ਪਰ ਗੱਡੀ ਅਜੇ ਹਿਲਦੀ ਨਹੀਂ ਸੀ ਲਗਦੀ।

"ਅੱਜ ਇਹਨੂੰ ਕੀ ਹੋਇਐ ?" ਕਪੂਰ ਚੰਦ ਨੇ ਝਰੋਖੇ ਵਿਚੋਂ ਧੌਣ ਬਾਹਰ ਕਢ ਕੇ ਪਲੇਟ ਫਾਰਮ ਵਲ ਝਾਕਦਿਆਂ ਹੈਰਾਨੀ ਪ੍ਰਗਟ ਕੀਤੀ।

"ਇਹ ਗੱਡੀ ਤਾਂ ਏਥੇ ਆ ਕੇ ਨਿੱਤ ਈ ਏਵੇਂ ਕਰਦੀ ਐ। ਨਾਲੇ ਏਥੋਂ ਕੁਕੜੀਆਂ ਤੇ ਆਂਡੇ ਬਹੁਤ ਚੜ੍ਹਦੇ ਐ।" ਗੁਰਨੇਕ ਨੇ ਉੱਤਰ ਦਿਤਾ; ਪਰ ਨਾਲ ਈ ਕਿਹਾ, "ਏਨੇ ਪਤਾ ਨ੍ਹੀਂ ਇਹ ਲਜਾਂਦੇ ਕਿੱਧਰ ਐ ?"

"ਵੱਡੇ ਸ਼ਹਿਰੀਂ ਜਾਂਦੇ ਐ, ਹੋਰ ਕਿਥੇ ਜਾਣੇ ਐਂ ।"

"ਵੱਡੇ ਸ਼ਹਿਰਾਂ ਆਲ੍ਹੇ ਹੁਣ ਏਨੇ ਈ ਮਾਸਾਹਾਰੀ ਹੋਗੇ ?"

"ਹੋਰ ! ਅਜ ਕਲ੍ਹ ਤਾਂ ਜੀਓ-ਜੀ ਮਾਸਾਹਾਰੀ ਬਣਿਆ ਫਿਰਦੈ । ਹੁਣ ਤਾਂ ਸਾਡੇ ਮਹਾਜਨਾਂ ਦੇ ਛੋਹਰ ਵੀ ਕਹਿਣ ਲੱਗ-ਪੇ, ਅਕੇ ਸਾਨੂੰ ਮੀਟ ਬਿਨਾਂ ਰੋਟੀ ਈ ਸੁਆਦ ਨ੍ਹੀਂ ਲਗਦੀ ।"

ਗੁਰਨੇਕ ਠਹਾਕਾ ਮਾਰ ਕੇ ਫੇਰ ਹੱਸ ਪਿਆ, "ਆਹੋ ! ਉਹ ਤਾਂ ਹੁਣ ਪਿਓ-ਦਾਦੇ ਆਲ੍ਹੀ ਕਸਰ ਵੀ ਸਾਰੀ ਪੂਰੀ ਕਰਨਗੇ ।"

ਉਦੋਂ ਈ ਤਾਕੀ ਵਿਚੋਂ ਇਕ ਮੰਗਤਾ ਚੜ੍ਹ ਆਇਆ । ਉਹਦੇ ਗਲ੍ਹ ਮੈਲ੍ਹੇ ਲੱਠੇ ਦਾ ਕੁੜਤਾ ਸੀ ਤੇ ਸਿਰ ਉਤੇ ਖੱਦਰ ਦਾ ਮੂਕਾ ਵਲ੍ਹੇਟਿਆ ਹੋਇਆ ਸੀ । ਤੇੜ ਲੰਡੀ ਕੱਛ ਤੇ ਪੈਰੀਂ ਅੱਧੋਰਾਣੀ, ਖੱਲ-ਧੌੜੀ ਦੀ ਜੁੱਤੀ । ਦਾੜ੍ਹੀ-ਮੁੱਛਾਂ ਉਤੋਂ ਲਾਪਰੀਆਂ ਹੋਈਆਂ ਸਨ । ਦਾੜ੍ਹੀ ਏਨੀ ਚਿੱਟੀ ਸੀ ਕਿ ਇਕ ਵੀ ਕਾਲਾ ਵਾਲ ਨਹੀਂ ਸੀ ਦਿਸਦਾ । ਚਿੱਟੀ-ਦਾੜ੍ਹੀ ਦੇ ਹਾਸ਼ੀਏ ਵਿਚ ਉਹਦਾ ਕਾਲਾ, ਨਰੋਆ ਚਿਹਰਾ ਮੰਗਤੇ ਦਾ ਚਿਹਰਾ ਨਹੀਂ ਸੀ ਲਗਦਾ । ਮੱਥੇ ਉਤੇ ਲੰਮੇ-ਦਾਅ ਕਈ ਨਿੱਗਰ ਤਿਉੜੀਆਂ ਪਈਆਂ ਹੋਈਆਂ ਸਨ ਤੇ ਉਹਨਾਂ ਨਾਲ ਚਿਹਰਾ ਹੋਰ ਰੋਹਬਦਾਰ ਲਗਦਾ ਸੀ । ਪਰ ਅੱਖਾਂ ਬਿਲਕੁਲ ਮਿਚੀਆਂ ਹੋਈਆਂ ਸਨ—ਜਿਵੇਂ ਕਿਸੇ ਨੇ ਝਿਮਣੀਆਂ ਨਾਲ ਈ ਸਿਉਂ ਦਿਤੀਆਂ ਹੋਣ ।

ਉਹਨੇ ਗੱਡੀ ਚੜ੍ਹਦਿਆਂ ਈ ਖੱਬਾ ਹੱਥ ਰਤਾ ਕੁ ਅਗਾਂਹ ਕਰਕੇ ਰੁੱਖੀ ਆਵਾਜ਼ ਵਿਚ ਕਈ ਵਾਰ ਇੱਕੋ ਵਾਕ ਦੁਹਰਾਇਆ, "ਛਰਦਾਰ ਜੀ, ਅੰਨ੍ਹਾਂ ਭੁੱਖਾ ਮਰਦਾ, ਪੈਸਾ ਮੰਗਦੈ ।"

ਮੰਗਤੇ ਦੇ ਹੱਥ ਵਿਚ ਫੜੀ ਬੇਰੀ ਦੀ ਵਿੰਗੀ ਸੋਟੀ ਮੁੱਠ ਕੋਲੋਂ ਤਾਂ ਬਹੁਤ ਕੂਲੀ ਸੀ, ਪਰ ਹੇਠੋਂ ਉਸ ਉਤੇ ਨਿੱਕੀਆਂ ਗੰਢਾਂ, ਖੋਢਾਂ ਤੇ ਸੱਕ ਉਂਜ ਦੇ ਉਂਜ ਸਨ । ਅਚਾਨਕ ਮੰਗਤੇ ਨੇ ਸੋਟੀ ਰਤਾ ਜ਼ੋਰ ਨਾਲ ਭੁੰਜੇ ਮਾਰਦਿਆਂ ਜਿਵੇਂ ਕਿਸੇ ਨੂੰ ਆਵਾਜ਼ ਦਿੱਤੀ, "ਛਰਦਾਰ ਜੀ !"

ਇਕ ਪੱਕੀ ਉਮਰ ਦੀ ਤੀਵੀਂ ਨੇ ਆਪਣੇ ਦਸਾਂ ਕੁ ਸਾਲਾਂ ਦੇ ਮੁੰਡੇ ਨੂੰ ਪੰਜੀ ਦੇ ਕੇ ਇਸ਼ਾਰਾ ਕੀਤਾ । ਮੁੰਡੇ ਨੇ ਪੰਜੀ ਮੰਗਤੇ ਦੇ ਹੱਥ ਉਤੇ ਧਰ ਦਿਤੀ । ਪਰ ਮੰਗਤਾ ਆਪਣੇ ਅੰਗੂਠੇ ਨਾਲ ਪੰਜੀ ਨੂੰ ਟੋਂਹਦਾ ਇਕ ਕਦਮ ਅੱਗੇ ਹੋ ਗਿਆ । ਨਾ ਆਮ ਮੰਗਤਿਆਂ ਵਾਂਗ ਉਹਨੇ ਹੱਥ ਮੱਥੇ ਨੂੰ ਛੁਹਾ-ਇਆ, ਨਾ ਕੋਈ ਅਸੀਸ ਦਿਤੀ । ਉਹਨੂੰ ਸਿਰ ਤੋਂ ਪੈਰਾਂ ਤਕ ਘੂਰਦਿਆਂ ਤੀਵੀਂ ਦੇ ਗੋਰੇ ਚਿਹਰੇ ਦਾ ਢਿੱਲਾ ਮਾਸ ਤਣਿਆਂ ਗਿਆ । ਮੰਗਤੇ ਨੇ ਹੋਰ ਅਗਾਂਹ ਹੋ ਕੇ ਮੁੜ ਓਹੋ ਵਾਕ ਦੁਹਰਾਇਆ, "ਛਰਦਾਰ ਜੀ, ਅੰਨ੍ਹਾਂ ਭੁੱਖਾ ਮਰਦਾ, ਪੈਸਾ ਮੰਗਦੈ ।"

"ਇਹ ਤਾਂ ਮੌਜੂ ਨ੍ਹੀਂ ਹੈ ?" ਗੁਰਨੇਕ ਸਿੰਘ ਨੇ ਉਸ ਵਲ ਗਹੁ ਨਾਲ ਵੇਖ ਕੇ ਕਿਹਾ ।

"ਲਗਦਾ ਤਾਂ ਓਹੋ ਐ ।" ਕਪੂਰ ਚੰਦ ਨੇ ਵੀ ਉਸ ਵਲ ਵੇਖਦਿਆਂ ਕਿਹਾ । ਜਦੋਂ ਮੰਗਤਾ ਉਹਨਾਂ ਦੇ ਨੇੜੇ ਆਇਆ ਤਾਂ ਉਸ ਪੁੱਛ ਲਿਆ, "ਉਇ ਤੂੰ ਮੌਜੂ ਐਂ ?"

"ਹੈਂ ?" ਅੰਨ੍ਹੇ ਦੀਆਂ ਅੱਖਾਂ ਕੁਝ ਫਰਕੀਆ ਤੇ ਚਿਹਰੇ ਦਾ ਖਰਵ੍ਹਾ, ਧੁੱਪੀਂ-ਪੱਕਿਆ ਮਾਸ ਜਿਵੇਂ ਹੋਰ ਸਖ਼ਤ ਹੋ ਗਿਆ । ਫੇਰ ਉਹਨੇ ਬੇਧਿਆਨੀ ਨਾਲ ਆਪਣਾ ਰਟਿਆ ਵਾਕ ਇੰਜ ਦੁਹਰਾ ਦਿਤਾ ਜਿਵੇਂ ਕਪੂਰ ਚੰਦ ਦੀ ਗੱਲ ਸੁਣੀ ਹੀ ਨਾ ਹੋਵੇ ।

"ਮਚਲਾ ਹੋਇਆ ਫਿਰਦੈ ।" ਗੁਰਨੇਕ ਸਿੰਘ ਨੇ ਹੌਲੀ ਜਿਹੀ ਕਿਹਾ ।

ਮੰਗਤਾ ਉਹਨਾਂ ਦੋਹਾਂ ਦੀਆਂ ਕੁਰਸੀਆਂ ਵਿਚਾਲੇ ਖੜੋਤਾ ਆਪਣਾ ਰਟਿਆ, ਸੱਤਾਂ ਸ਼ਬਦਾਂ ਦਾ ਵਾਕ ਬਾਰ ਬਾਰ ਦੁਹਰਾਣ ਲਗ ਪਿਆ । ਉਹਦਾ ਹੱਥ ਗੁਰਨੇਕ ਸਿਘ ਦੀ ਪੱਗ ਦੇ ਐਨ ਨੇੜੇ

ਆ ਗਿਆ ਤਾਂ ਉਹਨੂੰ ਬੁਰਾ ਲੱਗਿਆ। ਕੁਝ ਭਾਰੀ ਅਵਾਜ਼ ਵਿਚ ਉਹਨੇ ਕਿਹਾ, "ਉਇ ਤੂੰ ਪਛਾਂਹ ਰਹਿ ਮਾੜਾ ਜਿਆ, ਖੁਰਵਢ ਕਰਦਾ ਤੁਰਿਆ ਔਨੈ।"

ਪਰ ਮੰਗਤੇ ਨੇ ਗੱਲ ਈ ਜਿਵੇਂ ਨਹੀਂ ਸੀ ਸੁਣੀਂ। ਐਤਕੀ ਕਪੂਰ ਚੰਦ ਨੂੰ ਹਿਰਖ ਆ ਗਿਆ। ਉਹਨੇ ਕਰੜੀ ਆਵਾਜ਼ ਵਿਚ ਕਿਹਾ, "ਉਇ ਮੌਜੂ ਤੈਨੂੰ ਸੁਣਦਾ ਨ੍ਹੀਂ ?"

"ਹੈਂ ?" ਮੰਗਤਾ ਫੇਰ ਸੁੰਨਿਆਂ ਵਾਂਗ ਈ ਬੋਲਿਆ, ਜਿਵੇਂ ਉਹ ਬੋਲਾ ਵੀ ਹੋਵੇ।

"ਉਇ ਲਗਦਿਆ ਕੁਸ਼ 'ਹੈਂ' ਦਿਆ ਉੱਤੇ ਨਾ ਚੜ੍ਹ। ਪਛਾਂਹ ਹੋ ਕੇ ਸੋਟੀ ਵਾਲੇ ਹੱਥ ਹੋ ਜਾ।"

"ਸੋਟੀ ਵਾਲੇ ਹੱਥ ਤਾਂ ਹੋਈ ਜਾਨੈ...ਕਿਸੇ ਪਾਸੇ ਖਹਿੜਾ ਵੀ ਛੱਡਦੇ ਓ !...ਹੋਰ ਹੁਣ... ਖੂਹ 'ਚ ਤਾਂ ਭ੍ਰਾਮੇ ਜਾ ਡਿੱਗਾਂ...ਡਿਗ-ਪਾਂ ?" ਮੰਗਤੇ ਨੇ ਖਰ੍ਹਵੀ ਵਾਜ ਵਿਚ ਉੱਤਰ ਦਿਤਾ।

ਪਿਛਲੀਆਂ ਘਚੋਰਾਂ ਵਿਚੋਂ ਕਈਆਂ ਨੇ ਹੈਰਾਨ ਹੋ ਕੇ ਉਸ ਵਲ ਤੱਕਿਆ।

"ਤੂੰ ਬੋਲਦਾ ਕਿਵੇਂ ਐਂ ਉਇ ?" ਕਪੂਰ ਚੰਦ ਕੌੜਿਆ।

ਪਰ ਮੌਜੂ ਸੋਟੀ ਵਾਲੇ ਹੱਥ ਭਉਂ ਕੇ ਉਸੇ ਰੁੱਖੀ ਆਵਾਜ਼ ਵਿਚ ਬੋਲਿਆ, "ਲੈ ਹੁਣ ਐਂ ਕਰਦੇ ਐ !...ਅੰਨ੍ਹੇ ਨੂੰ ਵੀ ਖਾਣ ਨੂੰ ਪੈਂਦੇ ਐ...ਖਾਣ ਨੂੰ ਨ੍ਹੀਂ ਪੈਂਦੇ !"

ਗੁਰਨੇਕ ਨੂੰ ਵੀ ਗੁੱਸਾ ਆ ਗਿਆ। ਉਹਨੇ ਆਪਣੀ ਕਰੜ-ਬਰੜੀ ਦਾੜ੍ਹੀ ਉਤੇ ਹੱਥ ਫੇਰ-ਦਿਆਂ ਕਿਹਾ, "ਚੰਗਾ ਭਲਾ ਕੰਮ ਕਰਦਾ ਹੁੰਦਾ ਸੀ; ਆਵਦੇ ਏਸੇ ਅਵੈੜੇ ਬੋਲ ਕਰਕੇ ਮੰਗਣ-ਖਾਣ ਜੋਗਾ ਹੋਇਆ ਫਿਰਦੈ, ਹੋਰ ਘਾਟਾ ਸੀ ਕਿਸੇ ਚੀਜ ਦਾ।"

ਮੌਜੂ ਦੀਆਂ ਅੱਖਾਂ ਦੇ ਉਤਲੇ ਛੱਪਰਾਂ ਦਾ ਬਰੂੜ ਮਾਸ ਹੋਰ ਕਾਲਾ ਹੋ ਗਿਆ। ਉਹ ਫੇਰ ਗੁਰਨੇਕ ਸਿੰਘ ਵਲ ਭਉਂ ਪਿਆ। ਆਪਣੀ ਲਾਲ ਝਰੰਗ ਜੀਭ ਬੁੱਲ੍ਹਾਂ 'ਤੇ ਫੇਰਦਾ ਹੋਇਆ ਬੋਲਿਆ, "ਤੁਸੀਂ ਹੁਣ ਮੈਨੂੰ ਮੰਗਣ ਬੀ ਨ੍ਹੀ ਦੇਣਾ ?...ਥੋਨੂੰ ਮੈਂ ਕੁਸ਼ ਆਖਿਐ, ਅਜੇ ਤਾਈਂ ?"

"ਸਾਨੂੰ ਤਾਂ ਤੂੰ ਕਹੇਂਗਾ ਵੀ ਕੀ !" ਕਪੂਰ ਚੰਦ ਔਖੀ ਤੇ ਸਖਤ ਆਵਾਜ਼ ਬੋਲਿਆ।

"ਤੁਸੀਂ ਸੇਠ ਜੀ ਕਿਉਂ ਏਸ ਦਰਬੇਸ਼ ਨਾਲ ਐਵੇਂ ਜਿਦੀ ਜਾਨੇ ਓਂ। ਇਹ ਤਾਂ ਰੱਬ ਦਾ ਈ ਬਥੇਰਾ ਮਾਰਿਆ ਵਿਐ। ਅੰਨ੍ਹਾ ਬੰਦਾ ਤਾਂ ਦੋਹਾਂ ਜਹਾਨਾਂ ਤੋਂ ਈ ਧਰਕਾਰਿਆ-ਵਿਆ ਹੁੰਦੈ।" ਸਾਹਮਣੀ ਘਚੋਰ ਵਿਚੋਂ ਮੰਡੀਓਂ ਨਵੀਂ ਕਹੀ ਲੈ ਕੇ ਚੱਲਿਆ ਇਕ ਜੱਟ ਬੋਲ ਪਿਆ।

ਕਪੂਰ ਚੰਦ ਨੇ ਉਸ ਵਲ ਝਾਕ ਕੇ ਕਿਹਾ, "ਤੈਨੂੰ ਪਤੈ ਇਹ ਕੌਣ ਐਂ ?"

"ਪਤਾ ਕਰਨ ਨੂੰ ਸੇਠਾ, ਮੈਂ ਕਿਹੜਾ ਇਹਤੋਂ ਕਰਜਾ ਲੈਣੈ। ਅੰਨ੍ਹਿਆਂ ਨੂੰ ਵੀ ਦਿੱਸੀ ਜਾਂਦੈ ਬਈ ਗਰੀਬ ਆਦਮੀ ਐ ਹੋਰ ਇਹ ਪਟਿਆਲੇ ਆਲਾ ਰਾਜਾ ਤਾਂ ਨ੍ਹੀਂ ! ਬਿੰਦੇ-ਝੱਟੇ ਉਹ ਆਪ ਕੂਕੀ ਜਾਂਦੈ, 'ਅੰਨ੍ਹਾ ਭੁੱਖਾ ਮਰਦਾ ਪੈਸਾ ਮੰਗਦੈ'। ਹੋਰ ਤੁਸੀਂ ਹੁਣ ਇਹਦਾ ਕੀ ਪਤਾ ਲਾਓਂਗੇ ?"

"ਭਾਈ ਸਾਹਬ" ! ਗੁਰਨੇਕ ਨੇ ਜੱਟ ਨੂੰ ਟੋਕਿਆ, "ਇਹਦੇ ਤਿੰਨ ਤਾਂ ਮੁੰਡੇ ਸੀਰੀ-ਰਲ੍ਹੇ-ਵੇ ਐ ਤੇ ਦੋ ਪਸੂਆਂ ਤੇ ਰਹਿੰਦੇ ਐ। ਆਪ ਵੀਹ ਵਰ੍ਹੇ ਇਹ ਕਰਮਗੜ੍ਹ ਆਲੇ ਸਰਦਾਰਾਂ ਦੇ ਘਰੇ ਨੌਕਰ ਰਿਹੈ। ਦੋਹ ਬੰਦਿਆਂ ਜਿਨਾਂ ਕੰਮ ਕਰਦੈ। ਅਸੀਂ ਤਾਂ ਏਸ ਕਰਕੇ ਕਹਿਨੇ ਐਂ ਬਈ ਇਹੋ ਜੇ ਬੰਦੇ ਦਾ ਮੰਗਣ ਦਾ ਕੀ ਮਤਲਬ ?"

"ਮਤਲਬ ਤਾਂ ਆਪਾਂ ਨੂੰ ਕੀ ਪਤੈ, ਪਰ ਜਿਹੜਾ ਪੰਜਾਂ ਪੁੱਤਾਂ ਦਾ ਪਿਓ ਹੋ ਕੇ ਮੰਗਦਾ, ਉਹ ਕੋਈ ਚਾਅ ਨੂੰ ਤਾਂ ਨ੍ਹੀਂ ਧੱਕੇ ਖਾਂਦਾ ਫਿਰਦਾ।"

ਮੌਜੂ ਉਹਨਾਂ ਵੱਲੋਂ ਬੇਧਿਆਨ ਹੋ ਕੇ ਅਗਾਂਹ ਤੁਰ ਗਿਆ ਸੀ । ਅਗਾਂਹ ਵਾਲੀ ਘਚੋਰ ਵਿਚ ਬੈਠੇ ਇਕ ਬਾਬੂ ਨੇ ਦਸੀ ਦੀਆਂ ਲੂਣ ਵਾਲੀਆਂ ਪਕੌੜੀਆਂ ਲੈ ਕੇ ਉਹਨੂੰ ਦੇ ਦਿਤੀਆਂ ਸਨ। ਉਹ ਉਥੇ ਈ ਬੈਠ ਕੇ ਪਕੌੜੀਆਂ ਖਾਣ ਲੱਗ ਪਿਆ ਸੀ। ਪਰ ਪਕੌੜੀਆਂ ਏਨੀਆਂ ਥੋੜ੍ਹੀਆਂ ਸਨ ਕਿ ਮਿੰਟ ਕੁ ਪਿੱਛੋਂ ਮੁੱਛਾਂ ਉਤੇ ਖੱਬਾ ਹੱਥ ਫੇਰਦਾ ਮੌਜੂ ਉਠ ਕੇ ਫੇਰ ਖੜ੍ਹਾ ਹੋ ਗਿਆ।

ਜਦੋਂ ਉਹ ਉਠਿਆ ਤਾਂ ਕਪੂਰ ਚੰਦ ਨੇ ਮੌਜੂ ਦੀਆਂ ਲੱਤਾਂ ਵਲ ਗੱਡਵੀਂ (ਤੇ ਕੁਝ ਲਲ-ਚਾਈ) ਨਜ਼ਰ ਨਾਲ ਤਕਦਿਆਂ ਜੱਟ ਨੂੰ ਸੈਨਤ ਕਰਕੇ ਓਧਰ ਝਕਾਉਂਦਿਆਂ ਕਿਹਾ, "ਇਹਦੀਆਂ ਲੱਤਾਂ ਦਿੰਹਦੀਐਂ ? ਮੰਗਤਿਆਂ ਦੀਆਂ ਲੱਤਾਂ ਸੱਤਰ੍ਹਾਂ ਸਾਲਾਂ ਦੀ ਉਮਰ 'ਚ ਐਹੋ-ਜੀਆਂ ਹੁੰਦੀਐਂ ?...ਪਈਐਂ ਕਿ ਨਹੀਂ ਸਧਵਾਈਆਂ ਅਰਗੀਆਂ।"

ਜੱਟ ਨੇ ਜਿਵੇਂ ਘੂਰੀ ਵੱਟੀ ਤੇ ਬਿੰਦ ਦਾ ਬਿੰਦ ਚੁੱਪ ਕਰ ਗਿਆ । ਫੇਰ ਕੁਝ ਧੀਮੀ ਪਰ ਕਰੜੀ ਵਾਜ ਵਿਚ ਬੋਲਿਆ, "ਕੀ ਵਚਾਰੇ ਦੀਆਂ ਲੱਤਾਂ ਕਰਨਗੀਆਂ, ਜਦੋਂ ਨਿਗਾ ਈ ਹੈ—ਨ੍ਹੀਂ। ਨਿਗਾ ਤੋਂ ਬਿਨਾਂ ਬੰਦਾ ਕਰ ਕੀ ਲਊ"।

"ਇਹੀ ਤਾਂ ਤੈਨੂੰ ਪਤਾ ਨ੍ਹੀਂ।" ਗੁਰਨੇਕ ਸਿੰਘ ਬੋਲਿਆ, "ਇਹ ਸਤ ਸਤ ਚਿੱਲ੍ਹੀਆਂ ਚਰ੍ਹੀ ਦੀਆਂ ਇੱਕੋ-ਸਾਹ ਕੁਤਰ ਦਿੰਦਾ ਸੀ। ਝੱਟੇ ਜਿੰਨਾ ਜੋਰ ਐ ਇਹਦੇ 'ਚ। ਅੰਨ੍ਹੇ 'ਚ ਸੁਜਾਖੇ ਨਾਲੋਂ ਦੂਣਾ ਜੋਰ ਹੁੰਦੈ ਸੁਣਿਆਂ ਨ੍ਹੀਂ ਕਦੇ" ?

ਮੌਜੂ ਅਚਾਨਕ ਉਹਨਾਂ ਵਲ ਇਉਂ ਭਉਂ ਪਿਆ ਜਿਵੇਂ ਉਹਦੀ ਪਿੱਠ ਵਿਚ ਕਿਸੇ ਨੇ ਆਰ ਚੋਭ ਦਿਤੀ ਹੋਵੇ। ਉਹਦੇ ਮੱਥੇ ਉਤੇ ਮੁੜ੍ਹਕੇ ਦੀ ਸਿਲ੍ਹ ਨਾਲ, ਕਾਲੀ ਚਮੜੀ ਚਮਕਣ ਲਗ ਪਈ। ਸਾਹ ਕਾਹਲਾ ਆਉਣ ਲੱਗ ਪਿਆ। ਫੇਰ ਉਹ ਆਪਣੀ ਬੇਸੁਰੀ ਤੇ ਖਰ੍ਹਵੀ ਵਾਜ ਵਿਚ ਬੋਲਿਆ, "ਸਤ ਸਤ ਚਿੱਲੀਆਂ ਕੁਤਰਾ ਕੇ, ਦਿੰਦੇ ਮੈਨੂੰ ਕੀ—ਕੀ ਸੀ,—ਜੂਆਂ ? ਖੱਟੀ ਲੱਸੀ 'ਚ...ਲੱਸੀ 'ਚ ਨੂਣ ਖੋਰਦਿਆਂ ਦੀ...ਖੋਰਦਿਆਂ ਦੀ ਤਾਂ ਜਾਨ ਨਿਕਲਦੀ ਸੀ। ਫੇਰ ਮੈਂ, ਫੇਰ ਮੈਂ ਐਮੇਂ ਹੱਡ ਕਟਾਈ ਜਾਮਾ—ਕਟਾਈ ਜਾਮਾ, ਸਾਰੀ ਉਮਰ ? ਮੇਰੇ ਉਹ ਨੇੜਿਓਂ ਲਗਦੇ ਐ ?"

"ਸੁਣ ਲਿਆ ਵਿਚਲਾ ਰੋਗ ?" ਕਹੀ ਵਾਲੇ ਜੱਟ ਨੇ ਜਿਵੇਂ ਕਪੂਰ ਚੰਦ ਤੇ ਗੁਰਨੇਕ ਸਿੰਘ ਦੇ ਸਿਰ ਹੁੰਦਿਆਂ ਕਿਹਾ ; ਤੇ ਉਸਦੇ ਨਾਲ ਦੇ ਕੁਝ ਹੋਰ ਬੰਦੇ ਵੀ ਜੇਤੂ ਅੰਦਾਜ਼ ਵਿਚ ਕਪੂਰ ਚੰਦ ਹੋਰਾਂ ਵਲ ਝਾਕਣ ਲਗ ਪਏ।

ਪਰ ਕਪੂਰ ਚੰਦ ਨੇ ਉਹਨਾਂ ਵਲ ਧਿਆਨ ਕੀਤੇ ਬਿਨਾਂ ਮੌਜੂ ਨੂੰ ਮੱਤ ਦਿੰਦਿਆਂ ਕਿਹਾ, ' ਤੇ ਹੋਰ ਜਹਾਨ ਸੁੰਨਾ ਹੋ ਗਿਆ ਸੀ ? ਕੰਮ ਆਲੇ ਬੰਦੇ ਨੂੰ ਤਾਂ ਵੀਹ ਅੱਬਾ ਅੱਬਾ ਕਰਦੇ ਫਿਰਦੇ ਐ।...ਗੱਲ ਕਰ ਬਈ ਆਵਦੀ ਨੀਤ ਈ ਫਿੱਟੀ ਫਿਰਦੀ ਐ । ਅਸਲ ਗੱਲ ਤਾਂ ਇਹ ਐ ਬਈ ਹਾਅ ਕੰਮ ਸੌਖੇ; ਉਥੇ ਮੁੜ੍ਹਕਾ ਆਉਂਦਾ ਸੀ। ਹੱਡ ਹਰਾਮ ਪਿਆ ਏਵੇਂ ਤਾਂ ਦੁਖੀ ਕਰਦੈ ਕਿ।"

"ਹੁਣ ਤਾਂ, ਹੁਣ ਤਾਂ ਮੈਂ ਤਖਤ ਤੇ ਬੈਠਾ ਹੋਊਂ" ਮੌਜੂ ਦੀ ਵਾਜ ਹੋਰ ਖਰ੍ਹਵੀ ਹੋ ਗਈ ਲਗਦੀ ਸੀ। "ਤੇਰੇ ਵਰਗੇ ਬੀਹ ਕਿਹੜਾ ਉਹਨਾਂ ਨਾਲੋਂ ਘੱਟ ਐ। ਹਰੇਕ, ਹਰੇਕ ਈ ਸੁੱਕਾ ਚੰਮ ਲੋਂਹਣ ਨੂੰ ਫਿਰਦੇ—ਚੰਮ ਨ੍ਹੀ ਲੋਂਹਣ ਨੂੰ ਫਿਰਦਾ"।

"ਤੇ ਤੂੰ ਨ੍ਹੀਂ ਹੁਣ ਸੁੱਕਾ ਚੰਮ ਲੋਂਹਦਾ ਫਿਰਦਾ, ਲੋਕਾਂ ਦਾ—ਹੈਂ ?" ਗੁਰਨੇਕ ਗੁੱਸੇ ਵਿਚ ਬੋਲਿਆ।

"ਮੈਂ ਬੀ ਤਾਂ, ਮੈਂ ਬੀ ਤਾਂ ਥੋਡੇ ਅਰਗਿਆਂ ਨੇ ਸਿਆਣਾ ਕੀਤੈਂ, ਛਰਦਾਰ ਜੀ !...ਭਲਾ ਹੋਬੇ. ਭਲਾ ਹੋਬੇ ਕਰਮਗੜ੍ਹ ਆਲਿਆਂ ਦਾ—ਥੋਡੇ ਭਰਾਮਾਂ ਦਾ—ਜਿਨ੍ਹਾਂ ਨੇ ਮੈਨੂੰ ਸੌਖਾ ਰਹਿਣ

ਸਖਾ,ਤਾ...ਹਾਂ, ਸਖਾ 'ਤਾ ! ਹੋਰ ਮੈਨੂੰ ਅੰਨ੍ਹੇ ਨੂੰ ਕਿਥੇ ਅਕਲ ਸੀ ! ਮੂੜ੍ਹ ਨੂੰ ਕੀ ਮਤ ਸੀ, ਮੈਨੂੰ !"

ਮੰਗਤੇ ਦੀਆਂ ਅਜਿਹੀਆਂ ਗੱਲਾਂ ਸੁਣ ਕੇ, ਡੱਬੇ ਦੀਆਂ ਤਿੰਨ-ਚਾਰੇ ਘਚੋਰਾਂ ਵਿਚੋਂ ਲੋਕ ਬਾਹਰ ਸਿਰ ਕਢ ਕਢ ਵੇਖਣ ਲਗ ਪਏ । ਉਹਨਾਂ ਨੇ ਸ਼ਾਇਦ ਪਹਿਲੀ ਵਾਰ ਕੋਈ ਅੰਨ੍ਹਾ ਮੰਗਤਾ ਇੰਜ ਬੋਲਦਾ ਸੁਣਿਆਂ ਸੀ । ਕਈਆਂ ਦੀਆਂ ਅੱਖਾਂ ਵਿਚ ਕੁਝ ਚਮਕ ਸੀ ਤੇ ਉਹ ਗੁਰਨੇਕ ਤੇ ਕਪੂਰ ਚੰਦ ਵਲ ਵੇਖ ਕੇ ਮੁਸਕਰਾ ਰਹੇ ਸਨ । ਪਰ ਜਿਸ ਤੀਵੀਂ ਨੇ ਮੌਜੂ ਨੂੰ, ਮੁੰਡੇ ਦੇ ਹੱਥੋਂ ਪੰਜੀ ਦੁਆਈ ਸੀ ਉਹਦਾ ਚਿਹਰਾ ਹੋਰ ਤਣ ਗਿਆ ਲਗਦਾ ਸੀ । ਜਿਸ ਬਾਬੂ ਨੇ ਉਹਨੂੰ ਦਸੀ ਦੀਆਂ ਪਕੌੜੀਆਂ ਖੁਆਈਆਂ ਸਨ ਉਹ ਵੀ ਰਤਾ ਔਖਾ ਔਖਾ ਝਾਕਣ ਲੱਗ ਪਿਆ । ਪਰ ਮੌਜੂ ਸਭ ਪਾਸਿਓਂ ਬੇਧਿਆਨ ਸੀ – ਉਹਨੂੰ ਤਾਂ ਦਿਸਦਾ ਈ ਕੁਝ ਨਹੀਂ ਸੀ ।

ਸਿਰੇ ਵਾਲੀ ਘਚੋਰ ਵਿਚੋਂ ਇਕ ਲਾਲ ਪੱਗ ਤੇ ਨੀਲੀ ਵਰਦੀ ਵਾਲਾ ਰੇਲਵੇ ਦਾ ਕਰਮਚਾਰੀ ਇਹ 'ਤਮਾਸ਼ਾ' ਜਿਹਾ ਵੇਖ ਕੇ ਰਤਾ ਉਦਾਸੀ ਹੋਈ ਵਾਜ ਵਿਚ ਬੋਲਿਆ, "ਸੇਠ ਜੀ, ਤੁਸੀਂ ਦੁਖੀ ਆਤਮਾ ਨੇ ਕਿਉਂ ਛੇੜ ਸੋ । ਦੁਖੀ ਆਤਮਾ ਕੀ ਦੁਰਸੀਸ ਬਹੁਤ ਮਾੜੀ ਹੋਵੇ । ਇਹ ਕੋਈ ਖੁਸੀ ਤੇ ਮੰਗਣ ਲੱਗਿਐ, ਬਚਾਰਾ ।"

ਪਰ ਉਹਦੀ ਗੱਲ ਵਲ ਕਿਸੇ ਦਾ ਧਿਆਨ ਨਹੀਂ ਗਿਆ । ਉਹ ਆਪਣੇ ਮਨ ਦੀ ਗੱਲ ਹਵਾ 'ਚ ਉਡਾ ਕੇ ਚੁੱਪ ਕਰ ਗਿਆ ।

ਮੌਜੂ ਉਥੋਂ ਮੁੜ ਕੇ, ਆਪਣਾ ਉਹੋ ਰਟਿਆ ਵਾਕ ਦੁਹਰਾਂਦਾ ਜਦੋਂ ਮੁੰਡੇ ਤੋਂ ਪੰਜੀ ਦਵਾਉਣ ਵਾਲੀ ਤੀਵੀਂ ਕੋਲ ਪਹੁੰਚਿਆ ਤਾਂ ਉਹਦਾ ਖੱਬਾ ਹੱਥ ਤੀਵੀਂ ਦੇ ਮੂੰਹ ਕੋਲ ਜਾਂਦਾ ਰਿਹਾ ।

"ਬਾਬਾ ਹੱਥ ਪਰ੍ਹੇ ਰੱਖ ।" ਉਹਨੇ ਮੌਜੂ ਨੂੰ ਝਿੜਕਿਆ ।

ਪਰ ਮੌਜੂ ਨੇ ਸੁਭਾਵਕ ਉਹਦੀ ਗੱਲ ਅਣਸੁਣੀ ਕਰਕੇ ਕੁਝ ਹੋਰ ਉੱਚੀ ਕਿਹਾ, "ਛਰਦਾਰ ਜੀ, ਅੰਨ੍ਹਾ ਭੁੱਖਾ ਮਰਦਾ ਪੈਸਾ ਮੰਗਦੈ ।"

ਐਤਕੀਂ ਤੀਵੀਂ ਬਹੁਤ ਔਖੀ ਹੋ ਕੇ ਬੋਲੀ, "ਇਹ ਬਾਬਾ ਤੂੰ ਚੰਗੀ ਬਖ਼ਿੰਦ-ਬਾਣੀ ਸਿੱਖੀ ਐ ! ਕਿਸੇ ਨੂੰ ਕੋਈ ਸੀਸ ਵੀ ਦਿਆ ਕਰ, ਅਗਲੇ ਦਾ ਆਤਮਾ ਠਰੇ । ਤੰ ਚੰਗਾ ਮੰਗਤੈਂ !"

ਕਪੂਰ ਚੰਦ ਤੇ ਗੁਰਨੇਕ ਸਿੰਘ ਨੇ ਇਕ ਵਾਰ ਫੇਰ ਮੌਜੂ ਵਲ ਘੂਰ ਕੇ ਵੇਖਿਆ ਤੇ ਚੁੱਪ-ਚਾਪ ਬਾਹਰ ਝਾਕਣ ਲੱਗ ਪਏ । ਮੌਜੂ ਦੇ ਚਿਹਰੇ ਉਤੇ ਕੋਈ ਉਤਾਰ-ਚੜ੍ਹਾ ਨਹੀਂ ਦਿੱਸਿਆ । ਨਾ ਉਸ ਤੀਵੀਂ ਦੀ ਗੱਲ ਦਾ ਉਹਨੇ ਕੋਈ ਜਵਾਬ ਦਿਤਾ । ਪਰ ਜਦੋਂ ਉਸ ਐਤਕੀ ਆਪਣਾ ਰਟਿਆ ਵਾਕ ਦੁਹਰਾਇਆ ਤਾਂ ਉਸ ਵਿਚ ਦੋ ਵਾਧੂ ਸ਼ਬਦ ਸਨ ।

"ਛਰਦਾਰ ਜੀ, ਅੰਨ੍ਹਾ ਭੁੱਖਾ ਮਰਦਾ ਪੈਸਾ ਮੰਗਦੈ; ਭਲਾ ਹੋਬੇ" ।

ਤੇ ਇਸ ਪਿਛੋਂ ਉਹਨੇ ਦੋ ਵਾਧੂ ਸ਼ਬਦਾਂ ਵਾਲਾ ਵਾਕ ਬੋਲਣਾ ਸ਼ੁਰੂ ਕਰ ਦਿਤਾ । ਇਕ ਵਾਰ ਘਚੋਰਾਂ ਵਿਚੋਂ ਲੋਕਾਂ ਨੇ ਫੇਰ ਸਿਰ ਬਾਹਰ ਕਢ ਲਏ ਜਿਵੇਂ ਐਤਕੀ ਮੌਜੂ ਉਹਨਾਂ ਨੂੰ ਹੋਰ ਵੀ ਓਪਰਾ ਲੱਗਿਆ ਹੋਵੇ । ਕੁਝ ਬੰਦਿਆਂ ਨੇ ਧੀਮੀਆਂ ਅਵਾਜ਼ਾਂ ਵਿਚ ਉਹਦੇ ਤੇ ਕਪੂਰ ਚੰਦ ਤੇ ਗੁਰਨੇਕ ਸਿੰਘ ਦੇ 'ਰੌਲੇ ਜਿਹੇ' ਦੀਆਂ ਗੱਲਾਂ ਵੀ ਛੋਹ ਲਈਆਂ ਸਨ । ਪਰ ਸਭ ਤੋਂ ਅਜੀਬ ਤੇ ਦਿਲਚਸਪ ਗੱਲ ਇਹ ਸੀ ਕਿ ਮੌਜੂ ਦੇ ਇਸ 'ਤਮਾਸ਼ੇ' ਵਿਚ ਲੋਕ ਗੱਡੀ ਦੇ ਤੁਰਨ, ਨਾ ਤੁਰਨ ਦਾ ਖਿਆਲ ਵੀ ਭੁੱਲ ਗਏ ਸਨ । —

[6/123, ਜੈਤੋ, ਜ਼ਿਲਾ ਫਰੀਦਕੋਟ]

## ਦਰਦ ਤੇਰਾ ਰੁਸਿਆ ਏ ਜਾਨ ਨਾਲ/ਗੁਰਦੀਪ

ਕਿਸ ਕੁਵੇਲੇ ਦਰਦ ਤੇਰਾ
ਰੁਸਿਆ ਏ ਜਾਨ ਨਾਲ
ਹਾਏ ! ਕਿਥੇ ਆਕੇ ਦਿਲ ਤੋਂ
ਖੁਸਿਆ ਏ ਇਖਤਿਆਰ
ਮੈਂ ਵੀ ਕੁਛ ਕਹਿਣਾ ਸੀ
ਸੀ ਮੇਰੇ ਵੀ ਦਿਲ ਅੰਦਰ ਉਬਾਲ
ਪਰ ਗਿਲਾ ਇਸ ਮੋੜ ਤੇ ਕਰਨਾ
ਹੈ ਰਲ ਜਾਣਾ ਵਫਾ ਦੇ ਚੋਰ ਨਾਲ
ਹੁਣ ਵੀ ਮੇਰੀ ਚਾਹ ਦੀ ਦੀਵਾਨਗੀ
ਹੁਣ ਵੀ ਮੇਰੇ ਇਸ਼ਕ ਦੀ ਮਰਦਾਨਗੀ
ਸੰਗੀਨ ਤੋਂ ਸੰਗੀਨ ਤਰ ਹੈ
ਜੁਰਮ ਗੈਰਾਂ ਸਾਹਮਣੇ
ਨਿੱਤ ਨਵੇਂ ਸੂਰਜ ਨੇ ਕੜੀਆਂ ਢਲਦੀਆਂ
ਮੇਰਿਆਂ ਹੱਥਾਂ ਲਈ
ਬਣਦੀਆਂ ਨੇ ਰੋਜ਼ ਜ਼ੰਜੀਰਾਂ
ਮੇਰੇ ਪੈਰਾਂ ਲਈ
ਰੋਜ਼ ਤਲਵਾਰਾਂ ਨੂੰ
ਜਾਂਦਾ ਏ ਚੜ੍ਹਾਇਆ ਸਾਣ ਤੇ
ਮੇਰੇ ਸਿਰ ਦੇ ਵਾਸਤੇ
ਰੋਜ਼ ਹੀ ਕੁਛ ਹੋਰ ਫੰਦੇ
ਦਾਰ ਤੇ ਜਾਂਦੇ ਨੇ ਲਟਕਾਏ—
—ਮੇਰੀ ਗਰਦਣ ਲਈ
ਇਸ ਕੁਵੇਲੇ ਇੰਞ ਨਿਹੱਥਾ ਛਡ ਜਾਣਾ ਜਾਨ ਨੂੰ
ਹੋਰ ਦੇ ਲੈਣੀ ਸੀ ਬੰਦੇ ਨੂੰ ਸਜ਼ਾ
ਲਭ ਲੈਣੀ ਸੀ ਸਿਤਮ ਦੀ
ਦੂਸਰੀ ਕੋਈ ਅਦਾ
ਕਿਸ ਕੁਵੇਲੇ ਦਰਦ ਤੇਰਾ
ਰੁਸਿਆ ਏ ਜਾਨ ਨਾਲ
ਹਾਏ ! ਕਿੱਥੇ ਆਕੇ ਦਿਲ ਤੋਂ
ਖੁਸਿਆ ਏ ਇਖਤਿਆਰ...

—

[ਡੋਈਵਾਲਾ, ਜ਼ਿਲਾ ਡੇਹਰਾਦੂਨ, ਯੂ. ਪੀ.]

ਕਹਾਣੀ

## ਮੰਜੇ ਦੀ ਬਾਹੀ/ਅਜਮੇਰ ਸਿੰਘ ਔਲਖ

ਗੱਲ' ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ - ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। "ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ !"

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸਜਨ ਨੂੰ ਸੌ ਦੀ ਇੱਕ ਸੁਣਾ ਦਿੱਤੀ——"ਮੇਰੇ ਹਿੱਸੇ ਦੀ ਜ਼ਮੀਨ ਵੰਡ ਦੇ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ !"

ਸਜਨ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਝ ਵੀ ਸੁਭਾਅ ਦਾ ਕੂਲਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ ਪਰ ਗੱਜੂ ਤਾਂ ਪੈਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ, ਅਖੇ, ਮੇਰਾ ਨੀ ਜੀਅ ਕਰਦਾ ਜੱਗ 'ਤੇ ਬੂਟਾ ਲਾਉਣ ਨੂੰ ?

ਅਸਲ 'ਚ ਗੱਲ 'ਗਾਹਾਂ ਖ਼ਾਸੀ ਤੁਰਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇੱਕ ਤੀਮੀਂ ਦਾ ਸੌਦਾ ਲੱਗ ਭੱਗ ਪੱਕਾ ਹੀ ਕਰ ਛਡਿਆ ਸੀ, ਸਿਰਫ ਰਕਮ 'ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜ੍ਹਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ । ਚਾਰ ਕਿੱਲੇ ਭੋਂਇ ਉਸ ਨੂੰ ਆਉਣੀ ਸੀ। ਇੱਕ ਕਿੱਲਾ ਰਹਿਣ ਕਰਨਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ 'ਚ। ਸੋਲਾਂ ਸੌ ਦੀ ਤੀਮੀਂ, ਬਾਕੀ ਘਰ ਦਾ ਲਕਾ ਤੁਕਾ ! 'ਕੇਰਾਂ ਜ਼ਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਅਈ ਪਿਐ, ਉਛਲ ਸਜਨ ਦੀ —ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸਜਨ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ— "ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ । ਅਪਣੇ ਘਰ ਦੀ ਇਜ਼ਤ ਰਖ ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਅਪਣੀ ਜੜ ਲੱਗੀ ਹੋਈਐ। ਮੇਰੇ ਜਵਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ । ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀ ਦਾ ਕੀ ਪਤਾ ਹੁੰਦੈ, ਅੱਜ ਏਥੇ, ਕਲ੍ਹ ਓਥੇ।"

ਪਰ ਗੱਜੂ ਉਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ ਤੇ ਨਾ ਹੀ ਹੋਇਆ। ਸਜਨ ਨੂੰ ਉਸ ਨੇ ਇਕੋ ਨਾਲ ਚੁੱਪ ਕਰਾ ਦਿੱਤਾ—"ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ। ਪਰ ਸਜਨਾ, ਜ਼ਮੀਨ ਤਾਂ ਤੈਨੂੰ ਵੰਡਣੀ ਪਊ, ਭਾਈ-ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਉਣੈਂ ਉਹ ਤੇਰੀ ਮਰਜ਼ੀ।"

ਸਜਨ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ ਚਾਰ ਕਿੱਲਿਆਂ ਦੇ ਸਿਰ 'ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲ-ਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੇਣ ਦੇਣੇ ਦਾ ਹੋਰ ਹੀ ਫ਼ਾਨਾ ਆ ਫਸਿਆ !

ਪਰ ਸਜਨ ਇਹ ਵੀ ਜਾਣਦਾ ਸੀ ਬਈ ਇਹ ਫਾਨਾ ਅਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ-ਬਾਤੀਂ ਸੰਤੋਂ ਨੂੰ ਕਈ ਵਾਰ ਆਖਿਆ ਵੀ ਸੀ, "ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਣਾ, ਤੂੰ ਏਹਨੂੰ ਪਲੋਸ ਪਲਾਸ ਕੇ ਰਖਿਆ ਕਰ।" ਪਰ ਸੰਤੋ ਨੇ ਜਿੱਦ ਨਾ ਛਡੀ, "ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ 'ਤੇ ਨੀ ਬੈਠਣ ਦੇਣਾ।"

ਸਜਨ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਹਨਾਂ ਦਾ ਘਰ ਵਸਾਉਣ 'ਚ ਗੱਜੂ ਦਾ ਹੀ ਹੱਥ ਸੀ। ਸਜਨ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ ਜਦੋਂ ਉਹਨਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਹਨਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉੱਤੇ ਅਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓ-ਤੋਰੀਆਂ। ਸਜਨ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲਿਆ ਤੇ ਵੱਡਾ ਕੀਤਾ। ਫੇਰ ਇੱਕ ਵੱਡੀ ਕੁਰਬਾਨੀ, ਸਜਨ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ 'ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਜ ਬੱਜੋ-ਬੱਤਾ ਬਣਾਤਾ ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ:

"ਦੇਖ ਸੀਤਾ ਸਿਆਂ, ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਹੋਵੇ। ਅੱਠ ਕਿੱਲੇ ਸਜਨ ਨੂੰ ਮੁਕਦੇ ਨੀ, ਤੂੰ ਕਰ ਪੁੰਨ, ਅਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ 'ਚ ਸੀਰ ਪੈਜੂ।" ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸਜਨ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਹਨਾਂ ਦੇ ਘਰ ਲਿਆ ਬਠਾਈ ਸੀ।

ਸਜਨ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਞ ਮਨਾਈ ਜਿਵੇਂ ਉਹਦਾ ਅਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇੱਕ ਪੁੱਤ ਵਿਆਹਿਆ ਜਾਵੇ ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਜ਼ਮੀਨ ਰਖ ਕੇ ਉਸ ਨੇ ਸੰਤੋ ਲਈ ਮੂੰਹ-ਸਿਰ ਦੀਆਂ ਸਾਰੀਆਂ ਟੂਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ-ਮੱਥੇ ਲੱਗਣ ਵਾਲੀ ਤੀਵੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿਲਰੀ ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਚੰਨ ਵਰਗਾ ਮੁੰਡਾ ਝੋਲੀ ਆ ਪਿਆ।

ਦਿਨਾਂ ਵਿਚ ਹੀ ਗੱਜੂ ਅਤੇ ਸਜਨ ਦੇ ਘਰ ਦਾ ਰੰਗ ਹੋਰ ਦਾ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿਚ ਲਈਆਂ। ਸੰਤੋ ਦੁਆਲੇ ਉਹ ਊਰੀ ਆਂਗੂ ਘੁਕਦੇ ਰਹਿੰਦੇ। ਦੋ ਕੁ ਸਾਲਾਂ 'ਚ ਹੀ ਉਹਨਾਂ ਨੇ ਰਹਿਣ ਕੀਤਾ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲਗੇ। ਸੰਤੋ ਦੀ ਕੁਖੋਂ ਇਕ ਕੁੜੀ ਤੇ ਇਕ ਹੋਰ ਮੁੰਡਾ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੇ!

ਪਰ ਅਚਾਨਕ ਫੁੱਲਾਂ ਉਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇੱਕ ਰਾਤ ਇੱਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ 'ਬਾਖਰੂ, ਬਾਖਰੂ' ਕਰਦਾ ਉਠ ਖੜਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ—ਉਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਅਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ ਪਰ ਜਿਹੜਾ ਆਇਆ ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ-ਆਲੀ ਢਾਬ ਵਿਚ ਨਾਹ ਰਿਹਾ ਸੀ, ਤੇੜ ਸਿਰ ਦੇ ਕਪੜੇ ਲਾਹ ਕੇ, ਅਲਫ ਨੰਗਾ! ਇੱਕ ਤੀਵੀਂ ਆਈ ਤੇ ਉਸ ਦੇ ਕਪੜੇ ਚੁਕ ਕੇ ਪਰਾਂਹ ਬਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾਂ-ਬੀਹ ਦਿਨ ਉਸ ਨੂੰ ਇਹੋ-ਜੇਹੇ ਜਾਂ ਇਨ੍ਹਾਂ ਨਾਲ ਮਿਲਦੇ ਜੁਲਦੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇੱਕ ਗੱਲ ਸਾਂਝੀ ਹੁੰਦੀ—ਤੀਵੀਂ ਦੇ ਆਉਣ ਦੀ ਗੱਲ।

ਪਹਿਲੇ ਦੋ-ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਹਨਾਂ ਵਿਚੋਂ ਨਿੱਘ ਜਿਹੀ ਮਿਲਣ ਲਗੀ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ-ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤੱਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇੱਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ-ਛਿਪੇ ਮੂੰਹ-ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ-ਦੀ ਲੰਘਦਿਆਂ ਉਸ ਨੂੰ ਇੱਕ ਤੀਵੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਦਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, "ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।"

"ਉਤ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ?" ਕਹਿਣ ਨੂੰ ਤਾਂ ਗੱਜੂ ਨੇ ਉਹਨਾਂ ਨੂੰ ਕਹਿ ਦਿਤਾ ਪਰ ਅੰਦਰੋਂ, ਇਹ ਸਭ ਕੁਝ ਵੇਖਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ!

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆ ਵਰਗਾ ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਵੀਂ ਨੂੰ ਪਛਾਣ ਲਿਆ—ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਜਾਂਹਦਾ ਆਇਆ ਗੱਜੂ ਨੂੰ ਸੂਲੀ 'ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲਾਂ ਦੇਣ ਲਗ ਪੈਂਦਾ, " ਇਹ ਕੀ ਹੁੰਦਾ ਜਾਂਦੇ ਤੇਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲਗ ਪਿਐ!"

ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ

ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ ਉਹ ਸੰਤੋ ਨੂੰ ਹੁਣ ਚੋਰ-ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਹਰਾ ਅੱਗੇ ਵੀ ਸੌ-ਵਾਰੀ ਵੇਖਿਆ ਸੀ ਪਰ ਉਹ ਚਿਹਰੇ-ਮੋਹਰੇ ਵਿਚ ਕੋਈ ਹੋਰ ਹੀ ਗੱਲ ਸੀ।

ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇੱਕ ਰਾਤ ਨੂੰ ਜਦੋਂ ਸਜਨ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉੱਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉੱਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ 'ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸਜਨ ਦਾ ਭੁਲੇਖਾ ਵੀ ਪਿਆ ਪਰ ਰਾਤ ਦੇ ਹਨੇਰੇ ਵਿਚ ਵੀ ਉਹ ਗੱਜੂ ਦੀ ਬੁਝੀ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ 'ਤੇ ਝੱਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, "ਸੰਤੋ ਬੰਦੀਏ, ਕੁਝ ਹੋਸ਼ ਕਰ।" ਸਾਰੀ ਸ਼ਕਤੀ 'ਕੱਠੀ ਕਰ ਕੇ ਉਸ ਨੇ ਅਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ: "ਗੱਜਨਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ ਮੰਜੇ ਤੋਂ।"

ਗੱਜੂ ਦੇ ਸਿਰ ਉੱਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇੱਕ ਸ਼ਬਦ ਵੀ ਨਾ ਕਹਿ ਸਕਿਆ। ਅਪਣੀ ਬਰਫ਼ ਹੋਈ ਦੇਹ ਨੂੰ ਘਸੀਟਦਾ ਹੋਇਆ ਉਹ ਅਪਣੇ ਮੰਜੇ 'ਤੇ ਆ ਡਿਗਾ। ਗਈ ਰਾਤ ਤੱਕ ਉਹ ਛੱਤ ਦੀਆਂ ਛੱਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿੰਨ੍ਹਾਂ ਵਿਚ ਘੋੜਿਆਂ 'ਤੇ ਚੜ੍ਹੀਆਂ ਤੀਵੀਂਆਂ ਉਸ ਦੀ ਹਿੱਕ ਉਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਸਨ।

ਇਸ ਘਟਨਾ ਤੋਂ ਬਾਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਇਸ ਘਟਨਾ ਤੋਂ ਬਾਦ ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ਼ ਕਰਦਾ। ਇਸ ਘਟਨਾ ਤੋਂ ਬਾਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ-ਬਹਿਣ ਹੋ ਗਿਆ ਤੇ ਇਸ ਘਟਨਾ ਤੋਂ ਬਾਦ ਗੱਜੂ ਨੇ ਮੁੱਲ ਦੀ ਤੀਵੀਂ ਲਿਆਉਣ ਦਾ ਫ਼ੈਸਲਾ ਕਰ ਕੇ ਅਪਣੇ ਛੋਟੇ ਭਾਈ ਨੂੰ ਸੌ ਦੀ ਇੱਕ ਸੁਣਾਈ: "ਮੇਰੇ ਹਿੱਸੇ ਦੀ ਜ਼ਮੀਨ ਵੰਡ ਦੇ ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ।"

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸਜਨ ਨੇ ਹੱਥਿਆਰ ਸੁਟ ਦਿਤੇ— "ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜ਼ਮੀਨ 'ਚ ਤੇਰਾ ਅੱਧ ਐ, ਪਰਸੋਂ ਵੰਡ ਲਾਂਗੇ। ਪੰਚੈਤ ਕਾਹਨੂੰ ਪਾਉਣੀਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕਲ੍ਹ ਨੂੰ ਮਾਮੇ ਨੂੰ ਲੈ ਆਉਨੈ। ਘਰ ਦੀ ਗੱਲ ਘਰ 'ਚ ਨਿਬੜ ਜੂ।"

ਸਜਨ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ ਪਰ ਸੰਤੋ ਅਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਵੀਂ ਸੱਚ-ਮੁੱਚ ਹੀ ਲੈ ਆਵੇਗਾ। ਭਿਣਕ ਤਾਂ ਉਹਨੂੰ ਮਹੀਨਾ-ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ-ਆਉਣ ਲੱਗ ਪਿਆ ਸੀ ਪਰ ਉਹ ਸੋਚਦੀ

ਸੀ ਐਵੇਂ ਦੋ-ਚਾਰ ਦਿਨ ਦਾ ਪਾਗਲਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ ਗੱਜੂ ਅਪਣੀ ਹਿੰਡ ਨੂੰ ਏਨੀ ਦੂਰ ਤੱਕ ਲੈ ਜਾਵੇਗਾ।

ਹੁਣ ਜਦੋਂ ਗੱਲ ਜ਼ਮੀਨ ਵੰਡਣ ਤੱਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ ਉਸ ਦਾ ਤਾਂ ਬਣਿਆ-ਬਣਾਇਆ ਘਰ ਢਹਿ-ਢੇਰੀ ਹੋਣ ਲੱਗਾ ਐ। ਅੱਠਾਂ ਚੋਂ ਚਾਰ ਕਿੱਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ ? ਅੱਗ ਤੇ ਸੁਆਹ ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ। ਇੱਕ ਨੂੰ ਤਾਂ ਦੋ ਹੀ ਆਏ ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ ? ਕਿਸੇ ਚੂੜ੍ਹੀ ਚਮਾਰੀ ਦੀ 'ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਂਮੇਂ ਜਿੱਦ ਜਿੱਦ 'ਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸਜਨ ਦਾ ਅਈ ਭਾਈ ਐ ! ਉਹ ਵੀ ਤੀਵੀਂਆ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ 'ਚ ਗੱਲ ਐ। ਨਾਲੇ ਮਾੜੀ ਗੱਲ ਤਾਂ ਤਾਂ ਹੋਵੇ ਜੇ ਘਰ ਦਾ ਬੰਦਾ ਬੁਰੀ ਮੰਨੇ। ਸਜਨ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ ! "ਜਾ ਨੀ ਸੰਤੋ ਕਮਲੀਏ, ਅਪਣੇ ਹੱਥੀਂ ਅਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ 'ਚ ਤੈਨੂੰ ਕੌਣ ਸਿਆਣੀ ਆਖੂ......"

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। 'ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ 'ਚ ਪਿਆ ਖੰਊਂ-ਖੰਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਭਰਜਾਈਆਂ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, "ਮਖਾਂ ਸੌਂ ਗਿਆ ਮਿਠੂ ਦੇ ਤਾਇਆ।"

ਦੂਜੇ ਦਿਨ ਜਦੋਂ ਸਜਨ ਅਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, "ਸਾਰਾ ਕੁਸ਼ ਠੀਕ-ਠਾਕ ਹੋ ਗਿਆ। ਮੈਂ ਡੰਮ੍ਹ ਆਈਆਂ ਰਾਤ ਕਾਣੇ-ਬਹੇੜ ਦਾ ਮੱਥਾ।"

ਸੁਣ ਕੇ ਸਜਨ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। "ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ" ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇੱਕ ਨਹੀਂ, ਸੌ ਵਾਰੀ ਚੁੰਮਿਆ।

[ਨਵੀਂ ਬਸਤੀ, ਮਾਨਸਾ, ਜ਼ਿਲਾ ਬਠਿੰਡਾ]

## ਆਬਦੇ ਜਾਣੀ ਤਾਂ/ਗੁਰਮੇਲ ਸਿੱਧੂ

ਅਸੀਂ ਆਬਦੇ ਜਾਣੀ ਤਾਂ
ਟੁਣਕਾਰ ਦੀ ਆਵਾਜ਼ ਨਾਲ ਹੀ
ਕਤਾਰਾਂ 'ਚ ਆ ਜਾਂਦੇ ਹਾਂ
ਕੌਮੀ ਤਰਾਨੇ ਨੂੰ ਸੁਰਖ਼ ਸੁਰਾਂ 'ਚ ਢਾਲਦੇ ਹਾਂ
ਆਜ਼ਾਦ ਸਾਡਾ ਮੁਲਕ ਹੈ ਆਜ਼ਾਦ ਸਾਡੀ ਕੌਮ ਹੈ
ਆਬਦੇ ਜਾਣੀ ਤਾਂ—

ਆਪਣਾ ਕੋਈ ਵੀ ਬੋਲ
ਭੁੰਜੇ ਛੋਹਣ ਤੱਕ ਨਹੀਂ ਦਿੰਦੇ
ਮਖ਼ਮਲੀ ਅੰਦਾਜ਼ ਨਾਲ ਸ਼ਬਦਾਂ ਨੂੰ ਚਿੱਥ ਚਿੱਥ ਕੇ
ਅੰਦਰ ਲੰਘਾਉਂਦੇ ਹਾਂ
ਲੋੜ ਪੈਣ 'ਤੇ ਜ਼ਿਹਨ 'ਚ ਉਗੇ ਸੱਚ ਨੂੰ
ਉਗਲ ਦਿੰਦੇ ਹਾਂ
ਸ਼ਹਿਰ ਦੇ ਪਤਵੰਤੇ ਸੱਜਣ ਹਾਂ
ਅਸੀਂ ਆਬਦੇ ਜਾਣੀ ਤਾਂ—

ਸੂਹੇ ਸਾਲੂ ਨੂੰ
ਕਮਰੇ ਦੇ ਰੰਗੀਨ ਪਰਦਿਆਂ 'ਚ ਬਦਲ ਕੇ
ਆਪਣੀ ਹੀ ਜ਼ਮੀਰ ਦਾ ਪਾਏਦਾਨ ਵਿਛਾ ਕੇ
ਆਉਣ ਵਾਲੇ ਦੀ ਇੰਤਜ਼ਾਰ ਕਰਦੇ ਹਾਂ
ਅਸੀਂ ਆਬਦੇ ਜਾਣੀ ਤਾਂ—

ਜਿੱਤੇ ਹੋਏ ਤਮਗਿਆਂ ਨੂੰ ਹਿੱਕ 'ਤੇ ਲਟਕਾ ਕੇ
ਹਵਾ ਵਾਂਗ ਸਰਕਦੇ ਜਿਸਮਾਂ 'ਤੇ
ਉਂਗਲ ਧਰਦੇ ਹਾਂ
ਤਿਤਲੀਆਂ ਦੇ ਗਾਏ ਗੀਤ ਦਾ
ਮੁੱਲ ਤਾਰਦੇ ਹਾਂ
ਅਸੀਂ ਆਬਦੇ ਜਾਣੀ ਤਾਂ—

ਕੋਈ ਵੀ ਆਦਮੀ
ਕਿਸੇ ਵੀ ਜਸ਼ਨ ਦਾ ਹਾਣੀ ਨਹੀਂ ਹੁੰਦਾ
ਸੂਹੇ ਫੁੱਲਾਂ ਨੂੰ
ਗੁਲਦਸਤੇ ਦੀਆਂ ਦੀਵਾਰਾਂ 'ਚ ਚਿਣਕੇ
ਜਸ਼ਨ ਮਨਾਉਂਦੇ ਹਾਂ
ਅਸੀਂ ਆਬਦੇ ਜਾਣੀ ਤਾਂ—

[ਗੁਰੂ ਨਾਨਕ ਕਾਲਿਜ, ਮੋਗਾ]

ਕਹਾਣੀ

## ਸੀਖਾਂ ਦੇ ਅੰਦਰ—ਸੀਖਾਂ ਦੇ ਬਾਹਰ/ਗੁਰਮੇਲ ਮੜਾਹੜ

"ਨੰਬਰਦਾਰਾ ਕੈ ਬਜਗੇ ?"

"ਕੈ ਬਾਰੀ ਪੁਛੇਂਗਾ ?"

"ਔਖਾ ਕਿਉਂ ਹੁੰਨੈ ਮੇਰੇ ਆਰ ਤੀਜੀ ਬਾਰੀ ਈ ਤਾਂ ਪੁੱਛ ਰਿਹਾਂ"

ਸੁੱਚਾ ਸਿੰਘ ਦੀ ਗੱਲ ਸੁਣਕੇ ਨੰਬਰਦਾਰ ਜੋਰਾ ਸਿੰਘ ਤੇ ਲੰਗਰ ਵਿਚ ਕੰਮ ਕਰ ਰਹੇ ਉਹਦੇ ਹੋਰ ਸਾਥੀਆਂ ਦਾ ਹਾਸਾ ਨਿਕਲ ਗਿਆ। ਕੁਝ ਚਿਰ ਇੰਝ ਹੀ ਹਸਦੇ ਰਹਿਣ ਮਗਰੋਂ ਜੋਰਾ ਸਿੰਘ ਨੇ ਹਾਸਾ ਰੋਕਦਿਆਂ ਕਿਹਾ "ਦਸ ਬਜਗੇ।"

"ਅੱਛਾ, ਅਜੇ ਸਾਲੇ ਦਸੇ ਬੱਜੇ ਨੇ...ਦਿਨ ਤਾਂ ਤੜਕੇ ਦਾ ਚੜ੍ਹਿਐ..."ਸੁੱਚਾ ਸਿੰਘ ਬੁੜ-ਬੜਾਇਆ। ਉਹਦੀ ਬੁੜਬੜਾਹਟ ਸੁਣਕੇ ਜੋਰਾ ਸਿੰਘ ਨੇ ਰੁਕਕੇ ਲੰਗਰ ਦੀ ਬਾਰੀ ਦੀਆਂ ਸੀਖਾਂ ਨੂੰ ਹੱਥ ਪਾਕੇ ਉਹਨਾਂ ਨਾਲ ਮੂੰਹ ਲਾਕੇ ਕਿਹਾ, "ਸੁੱਚਾ ਸਿਆਂ ਅੱਜ ਕਿਤੇ ਭਰਜਾਈ ਜਲਕੁਰ ਨੇ ਤਾਂ ਨੀ ਆਉਣਾ ਜਿਹੜਾ ਬਿੰਦੇ ਬਿੰਦੇ ਟੈਮ ਪੁਛਦੈਂ ?"

"ਲਗਦਾ ਤਾਂ ਐਂ ਈ ਐਂ" ਆਟੇ ਵਿਚ ਪਾਣੀ ਪਾਉਂਦਾ ਲੰਗਰ ਦੇ ਪਰਲੇ ਸਿਰਿਓਂ ਗੇਬਾ ਠੱਗ ਬੋਲਿਆ।

ਲੰਬਰਦਾਰ ਜੋਰਾ ਸਿੰਘ ਦੀ ਗੱਲ ਸੁਣਕੇ ਸੁੱਚਾ ਸਿੰਘ ਨੇ ਨੀਵੀਂ ਪਾ ਲਈ ਸੀ। ਸੁੱਚਾ ਸਿੰਘ ਨੂੰ ਇਸ ਹਾਲ ਵਿਚ ਦੇਖ ਕੇ ਲੰਬਰਦਾਰ ਨੇ ਫੇਰ ਵਾਰ ਕੀਤਾ "ਓਏ ਸੁਚਿਆ ਤੈਂ ਖੂੰਨ ਕਿਮੇਂ ਕਰਤਾ ? ਤੂੰ ਤਾਂ ਕੰਜਰਦਿਆ ਭਰਜਾਈ ਦਾ ਨਾਂ ਸੁਣਕੇ ਪਹਿਲੀ ਵਾਰੀ ਸੌਹਰੇ ਆਈ ਕੁੜੀ ਮੰਗੂ ਸੰਗ ਗਿਆ...ਫਿਕਰ ਨਾ ਕਰ ਆਉਂਦੀ ਈ ਹੋਊ ਕਿਤੇ ਨੇੜੇ ਤੇੜੇ...ਮੇਰਾ ਹਿੱਸਾ ਨਾ ਭੁਲੀਂ ਜੇ ਭਰਜਾਈ ਪੰਜੀਰੀ ਪਜੂੰਰੀ ਲਿਆਈ ਤਾਂ...'

"ਲਿਆਉਣ ਦੇ ਤਾਂ ਸਹੀ ਫੇਰ ਦੇਖਾਂਗੇ..." ਕਹਿ ਕੇ ਸੁੱਚਾ ਸਿੰਘ ਨੇ ਦਾਲ ਵਿਚ ਕੜਛਾ ਫੇਰਨਾ ਸ਼ੁਰੂ ਕਰ ਦਿਤਾ ਤੇ ਜੋਰਾ ਸਿੰਘ ਆਪਣੇ ਰਾਹ ਲਗਿਆ। ਹੁਣ ਸੁਚਾ ਸਿੰਘ ਨੂੰ ਲਗਿਆ ਜਿਵੇਂ ਸਮੇਂ ਦਾ ਪਹੀਆ ਰੁਕ ਗਿਆ ਹੈ। ਜਾਂ ਫੇਰ ਉਹ ਦਿਨ ਭੁਲ ਗਿਆ ਹੈ। ਉਸਨੇ ਚੁਰ ਵਿਚ ਖਲਪਾੜ ਲਾਈ ਤੇ ਬਾਹਰ ਨਿਕਲ ਕੇ ਲੰਗਰ ਦੀ ਕੰਧ 'ਤੇ ਵਾਹੀਆਂ ਲਕੀਰਾਂ ਗਿਣੀਆਂ ਤੇ ਫੇਰ ਅੰਦਰ ਆ ਗਿਆ। ਲਕੀਰਾਂ ਪੂਰੀਆਂ ਪੰਦਰਾਂ ਹੀ ਨਿਕਲੀਆਂ ਸਨ। ਅੱਜ ਤੋਂ ਪੰਦਰਾਂ ਦਿਨ ਪਹਿਲਾਂ ਹੀ ਤਾਂ ਉਹਦਾ ਬਾਪੂ ਮੁਲਾਕਾਤ ਕਰਨ ਆਇਆ ਸੀ ਤਾਂ ਉਸ ਦਿਨ ਉਸ ਕਿਹਾ ਸੀ "ਭਾਈ ਸੁਚਿਆ ਬਹੂ ਵੀ ਕਹਿੰਦੀ ਸੀ ਨਾਲ ਆਉਣ ਨੂੰ ਮੈਂ ਕਿਹਾ ਚਲ ਭਾਈ ਕਿਥੇ ਭਾੜਾ ਪਟਦੀ ਫਿਰੇਂਗੀ...ਮੈਂ ਹੀ ਕਹਿਦੂੰ ਮੁੰਡੇ ਨੂੰ ਜੋ ਤੈਂ ਕਹਿਣੈ ਤਾਂ ਕਹਿੰਦੀ ਕਹਿਣਾ ਕੁਹਣਾ ਤਾਂ ਕੁਛ ਨੀਂ, ਫੇਰ ਮੈਂ ਕਿਹਾ ਚੰਗਾ ਰਾਮ ਕਰ ਮੈਂ ਹੀ ਜਾਂ ਆਊਨਾ।" ਬਾਪੂ ਦੀ ਗੱਲ ਸੁਣਕੇ ਪਹਿਲਾਂ ਉਸ

ਦੇ ਦਿਮਾਗ ਦੀਆਂ ਨਾੜਾਂ ਅੰਦਰ ਗੁੱਸੇ ਦੇ ਕਿਟਾਣੂ ਦੌੜਨ ਲਗ ਪਏ ਸਨ ਪਰ ਫੇਰ ਉਸ ਦੀ ਅਕਲ ਤੇ ਉਸਨੂੰ ਹਾਸਾ ਆਇਆ ਸੀ ਤੇ ਉਸ ਸੋਚਿਆ ਸੀ ਤਾਂ ਹੀ ਤਾਂ ਲੋਕ ਕਹਿੰਦੇ ਨੇ ਕਿ ਬੁੜ੍ਹੇ ਹੋਏ ਬੰਦੇ ਦਾ ਅੱਧਾ ਦਿਮਾਗ ਖਰਾਬ ਹੋ ਜਾਂਦੈ...ਭਲਾ ਇਸ ਭਲੇ ਮਾਣਸ ਤੋਂ ਕੋਈ ਪੁਛੇ ਕਿ ਇਕ ਨੂੰਹ ਆਪਣੇ ਸੌਹਰੇ ਨੂੰ ਉਹ ਗੱਲਾਂ ਕਿਵੇਂ ਦੱਸ ਸਕਦੀ ਹੈ ਜਿਹੜੀਆਂ ਉਸਨੇ ਸਿਰਫ ਆਪਣੇ ਘਰ ਵਾਲੇ ਨਾਲ ਹੀ ਕਰਨੀਆਂ ਹੁੰਦੀਆਂ ਨੇ।" ਫੇਰ ਉਸਨੇ ਆਪਣੇ ਗੁੱਸੇ ਤੇ ਕਾਬੂ ਪਾਉਂਦਿਆਂ ਕਿਹਾ ਸੀ "ਲੈ ਈ ਆਉਂਦਾ ਬਾਪੂ ਉਹਨੂੰ ਵੀ ਨਾਲੇ...ਉਹਦੇ ਭਾੜੇ ਨਾਲ ਕਿਹੜਾ ਆਪਾਂ ਉਜੜ ਚਲੇ ਤੇ... ਮੁਕਦਮੇ 'ਤੇ ਵੀ ਤਾਂ ਏਨੇ ਪੈਸੇ ਲਗ ਈ ਗਏ ਨੇ..."

"ਚੰਗਾ ਭਾਈ ਹੁਣ ਭੇਜ ਦਿਊਂਗਾ...ਇਕ ਬੁਧਵਾਰ ਛੱਡਕੇ ਅਗਲੇ ਨੂੰ..."

ਫੇਰ ਬਾਪੂ ਦੇ ਜਾਣ ਮਗਰੋਂ ਸੁਚਾ ਸਿੰਘ ਕਿੰਨਾ ਚਿਰ ਜਲਕੌਰ ਨਾਲ ਬਿਤਾਏ ਸਮੇਂ ਨੂੰ ਭੋਗਦਾ ਰਿਹਾ ਸੀ। ਉਹਦੇ ਚੋਹਲਾਂ ਨੂੰ, ਉਹਦੇ ਹਾਸਿਆਂ ਨੂੰ, ਉਹਦੇ ਠੱਠਿਆਂ ਨੂੰ, ਲੜਾਈਆਂ ਝਗੜਿਆਂ ਨੂੰ ਯਾਦ ਕਰਦਾ ਰਿਹਾ ਸੀ। ਮਹੀਨੇ ਜੋ ਬੀਤ ਗਏ ਸਨ ਉਸਨੂੰ ਜਲ ਕੌਰ ਤੋਂ ਵਿਛੜੇ ਨੂੰ, ਉਸ ਨਾਲ ਇਕੱਲਿਆਂ ਬਹਿ ਕੇ ਗੱਲਬਾਤ ਕੀਤੀ ਨੂੰ। ਉਂਝ ਤਾਂ ਕਚਹਿਰੀ ਵਿਚ ਪੇਸ਼ੀ ਭੁਗਤਣ ਆਏ ਉਹਦੇ ਘਰਦਿਆਂ ਨਾਲ ਉਹ ਵੀ ਆਉਂਦੀ ਰਹੀ ਸੀ,ਇਥੇ ਵੀ ਤੇ ਕਦੇ ਕਦੇ ਉਹਦੇ ਬਾਪੂ ਜਾਂ ਕਿਸੇ ਘਰ ਦੇ ਹੋਰ ਜੀਅ ਨਾਲ ਆ ਜਾਂਦੀ ਸੀ ਪਰ ਚੁਪ ਚਾਪ ਮੁਲਾਕਾਤ ਕਰਕੇ ਚਲੀ ਜਾਂਦੀ ਸੀ। ਹੋਰ ਕਰਦੀ ਵੀ ਕੀ ? ਪਹਿਲਾਂ ਪਹਿਲਾਂ ਤਾਂ ਸਿਪਾਹੀ ਵੀ ਉਹਨਾਂ ਦੇ ਸਿਰ 'ਤੇ ਖੜਾ ਰਹਿੰਦਾ ਸੀ ਜਿਸ ਕਰਕੇ ਉਹ ਕੋਈ ਘਰੇਲੂ ਗੱਲ ਵੀ ਨਹੀਂ ਸੀ ਕਰ ਸਕਦੇ ਪਰ ਨੰਬਰਦਾਰ ਜੋਰਾ ਸਿੰਘ ਦੇ ਸਮਝਾਉਣ 'ਤੇ ਹੁਣ ਜਦੋਂ ਵੀ ਉਹਦਾ ਕੋਈ ਮੁਲਾਕਾਤੀ ਆਉਂਦਾ ਸੀ ਉਹ ਝਟ ਸਿਪਾਹੀ ਨੂੰ ਕੰਟੀਨ 'ਤੇ ਚਾਹ ਲਿਆਉਣ ਲਈ ਕਹਿ ਦਿੰਦਾ ਸੀ। ਸਿਪਾਹੀ ਵੀ ਸੈਨਤ ਸਮਝਦਾ ਸੀ ਉਹ ਕੁਝ ਨਾ ਕੁਝ ਚਾਹ ਲਿਆਉਣ ਵਿਚ ਢਿਲ ਕਰ ਦਿੰਦਾ ਜਿਸ ਨਾਲ ਮੁਲਾਕਾਤੀਆਂ ਨੂੰ ਗੱਲ ਕਰਨ ਨੂੰ ਚੰਗਾ ਸਮਾਂ ਮਿਲ ਜਾਂਦਾ। ਪਿਛਲੀ ਵਾਰ ਉਹਦੀ ਮਾਂ ਨਾਲ ਮੁਲਾਕਾਤ ਕਰਨ ਆਈ ਜਲ ਕੌਰ ਨੂੰ ਉਸਨੇ ਮੌਕਾ ਪਾ ਕੇ ਕਹਿ ਦਿਤਾ ਸੀ "ਤੈਤੋਂ ਕੱਲੀ ਤੋਂ ਨੀ ਆ ਹੁੰਦਾ...ਆ ਜਾਂਦੀਐ ਉਠ ਮੰਗੂ ਮੂੰਹ ਚਕਕੇ ਸਾਰੇ ਟੱਬਰ ਨਾਲ।"

"ਮੈਂ ਕੀ ਕਰਾਂ ਕੱਲੀ ਨੂੰ ਆਉਣ ਈ ਨੀ ਦਿੰਦੇ...ਐਤਕੀ ਕਰੂੰ ਕੋਈ ਹੀਲਾ" ਜਲ ਕੌਰ ਨੇ ਵੀ ਪੋਲੇ ਜਿਹੇ ਉੱਤਰ ਦਿਤਾ ਸੀ।

ਪੁਲਿਸ ਲਾਈਨ ਦਾ ਘੰਟਾ ਖੜਕਿਆ। ਉਹ ਚੌਂਕ ਉਠਿਆ ਤੇ ਉਸ ਨੇ ਗਿਣਨਾ ਸ਼ੁਰੂ ਕਰ ਦਿਤਾ। ਇਕ ਦੋ ਤਿੰਨ ਚਾਰ ਪੰਜ ਛੇ ਸੱਤ ਅੱਠ ਨੌਂ ਦਸ ਗਿਆਰਾਂ...ਫੇਰ ਉਸਨੇ ਰਤਾ ਸਿਰ ਉਤਾਹਾਂ ਚੁਕ ਕੇ ਇਹ ਦੇਖਣ ਲਈ ਬਾਰੀ ਰਾਹੀਂ ਇਕ ਲੰਮੀ ਨਿਗਾਹ ਸੁੱਟੀ ਕਿ ਕੋਈ ਸਿਪਾਹੀ ਉਸਨੂੰ ਲੈਣ ਲਈ ਆ ਰਿਹਾ ਹੈ ਜਾਂ ਨਹੀਂ ਪਰ ਦੂਰ ਤੱਕ ਮੈਦਾਨ ਸਾਫ ਦਿਖਾਈ ਦਿਤਾ। ਉਸ ਦੀ ਇਹ ਹਰਕਤ ਦੇਖਕੇ ਪਰੇ ਆਟਾ ਗੁੰਨ੍ਹ ਰਹੇ ਚੰਨੇ ਭਲਵਾਨ ਤੋਂ ਹਾਸਾ ਰੋਕਿਆ ਨਾ ਗਿਆ। ਸੁੱਚਾ ਸਿੰਘ ਨੇ ਚੰਨੇ ਭਲਵਾਨ ਦਾ ਅਚਾਨਕ ਭਲਵਾਨੀ ਹਾਸਾ ਸੁਣਕੇ ਉਸ ਵਲ ਤੱਕਿਆ ਪਰ

ਉਹ ਭਲਵਾਨ ਦੀਆਂ ਮੋਟੀਆਂ ਮੋਟੀਆਂ ਅੱਖਾਂ ਦੀ ਵਿਅੰਗਾਤਮਕ ਤਕਣੀ ਦੀ ਝਾਲ ਨਾ ਝਲ ਸਕਿਆ ਤੇ ਚੁਰ ਵਿਚਲੀ ਲੱਕੜ ਹੋਰ ਅੱਗੇ ਕਰਕੇ ਲੰਗਰ ਤੋਂ ਫੇਰ ਬਾਹਰ ਨਿਕਲ ਗਿਆ । ਬਾਹਰ ਆ ਕੇ ਫੇਰ ਉਸ ਦੀ ਨਜ਼ਰ ਕੰਧ 'ਤੇ ਪਈਆਂ ਨਿਕੀਆਂ ਨਿਕੀਆਂ ਲਕੀਰਾਂ 'ਤੇ ਚਲੀ ਗਈ ਉਹ ਚੁੱਪ ਚਾਪ ਉਹਨਾਂ ਕੋਲ ਚਲਿਆ ਗਿਆ । ਗਿਣੀਆਂ ਪੂਰੀਆਂ ਪੰਦਰਾਂ ਨਿਕਲੀਆਂ । ਫੇਰ ਉਸ ਨੂੰ ਲਗਿਆ ਜਿਵੇਂ ਉਹ ਗਲਤ ਗਿਣ ਗਿਆ ਹੈ । ਉਸਨੇ ਫੇਰ ਤੀਜੀ ਵਾਰ ਗਿਣੀਆਂ ਪੰਦਰਾਂ ਹੀ ਤਾਂ ਸਨ "ਫੇਰ ਜਲ ਕੌਰ ਅਜੇ ਤਾਈਂ ਕਿਉਂ ਨਹੀਂ ਆਈ ? ਅਟਕਣ ਆਲੀ ਤਾਂ ਉਹ ਹੈ ਨਹੀਂ ਤੀ...? ਇਕ ਸਵਾਲ ਉਸਦੇ ਅੰਦਰੋਂ ਉਠਿਆ ਜਿਹੜਾ ਹੌਕੇ ਦਾ ਰੂਪ ਧਾਰਕੇ ਹਵਾ ਨਾਲ ਰਲ ਗਿਆ ।

ਬਾਹਰ ਬਦਲਬਾਈ ਹੋ ਗਈ ਸੀ । ਠੰਡੀ ਹਵਾ ਦੇ ਤਿੰਨ ਚਾਰ ਬੁੱਲੇ ਜੇਲ੍ਹ ਦੀਆਂ ਉਚੀਆਂ ਉਚੀਆਂ ਕੰਧਾਂ ਤੋਂ ਦੀ ਟੱਪਕੇ ਉਹਦੇ ਜਿਸਮ ਨਾਲ ਟਕਰਾ ਗਏ ਸਨ । ਬਦਲਵਾਈ ਤੇ ਪਾਣੀ ਭਰੀ ਹਵਾ ਤੋਂ ਉਸਨੂੰ ਯਾਦ ਆਇਆ ਪਿਛਲਾ ਸਾਲ ਜਦ ਉਹਦੇ ਪਿੰਡ ਦੇ, ਉਹਦੇ ਇਲਾਕੇ ਦੇ ਲੋਕ ਪਾਣੀ ਦੀ ਤਿੱਪ ਤਿੱਪ ਲਈ ਤਰਸ ਰਹੇ ਸਨ । ਆਸਮਾਨ ਵਲ ਦੇਖਦਿਆਂ ਦੇਖਦਿਆਂ ਦੀਆਂ ਅੱਖਾਂ ਦੀਆਂ ਪੁਤਲੀਆਂ ਪਥਰਾ ਗਈਆਂ ਸਨ । ਨਹਿਰਾਂ ਵਿਚ ਮਛੀਆਂ ਤੜਫ ਤੜਫ ਕੇ ਮਰ ਰਹੀਆਂ ਸਨ । ਡੱਡੂ ਤੇ ਕੱਛੂ ਪਾਣੀ ਦੀ ਤਲਾਸ਼ ਵਿਚ ਰੇਗਿਸਤਾਨਾਂ ਵਿਚ ਭਟਕ ਰਹੇ ਸਨ । ਟਿਊਬੈਲ ਸੂਟੇ ਮਾਰਨ ਲਗ ਪਏ ਸਨ । ਫਸਲਾਂ ਦਾ ਰੰਗ ਪੀਲਾ ਪੈਣਾ ਸ਼ੁਰੂ ਹੋ ਗਿਆ ਸੀ । ਘਰ ਦਾਣਾ ਆਉਣ ਦੀ ਕੋਈ ਆਸ ਨਹੀਂ ਸੀ । ਉਦੋਂ ਉਹਦੇ ਜੀਅ ਵਿਚ ਆਇਆ ਸੀ ਕਿ ਜਾਂ ਤਾਂ ਸਾਰੇ ਟੱਬਰ ਨੂੰ ਸੰਖੀਆਂ ਦੇ ਦੇਵੇ ਜਾਂ ਫੇਰ ਫੌਜ ਜਾਂ ਕਿਸੇ ਕਾਰਖਾਨੇ ਵਿਚ ਜਾ ਭਰਤੀ ਹੋਵੇ ਤਾਂ ਕਿ ਫੇਰ ਭਾਵੇਂ ਮੀਂਹ ਆਵੇ ਭਾਵੇਂ ਹਨੇਰੀ ਆਵੇ ਜਾਂ ਔੜ ਲਗੇ ਪਰ ਘਰ ਦੇ ਜੀਆਂ ਨੂੰ ਤਾਂ ਢਿਡ ਭਰਨ ਨੂੰ ਮਿਲਦਾ ਰਹੇ । ਪਰ ਕੀਲੇ ਨਾਲ ਬੱਝੇ ਡੰਗਰ ਦੀ ਤਰ੍ਹਾਂ ਉਹ ਉਥੇ ਹੀ ਸੋਚਾਂ ਦੇ ਚੱਕਰ ਕਟਦਾ ਰਿਹਾ ਸੀ ਤੇ ਫੇਰ ਇਕ ਦਿਨ ਰੇਲੂ ਨਾਈ ਨੇ ਆ ਕੇ ਸਭ ਤੋਂ ਪਹਿਲਾਂ ਪਿੰਡ ਵਿਚ ਇਹ ਖਬਰ ਫੈਲਾ ਦਿਤੀ ਸੀ ਕਿ ਲੈਹਰੇ ਤੋਂ ਆਉਂਦਾ ਹੋਇਆ ਉਹ ਨਹਿਰ ਵਿਚ ਪਾਣੀ ਆਉਂਦਾ ਦੇਖਕੇ ਆਇਆ ਹੈ । ਪਿੰਡ ਦੇ ਲੋਕਾਂ ਦੇ ਸਾਹ ਵਿਚ ਸਾਹ ਆਇਆ ਸੀ । ਉਹ ਆਪਣੇ ਹਥਲੇ ਕੰਮ ਵਿਚਾਲੇ ਹੀ ਛੱਡਕੇ ਮੋਘੇਦਾਰ ਕੋਲੋਂ ਆਪਣੀਆਂ ਵਾਰੀਆਂ ਪੁਛਣ ਲਈ ਭੱਜ ਉਠੇ ਸਨ । ਸੁੱਚਾ ਸਿੰਘ ਨੂੰ ਇਹ ਸੁਣਕੇ ਹੋਰ ਵੀ ਖੁਸ਼ੀ ਹੋਈ ਸੀ ਕਿ ਇਸ ਵਾਰ ਸਭ ਤੋਂ ਪਹਿਲਾਂ ਪਾਣੀ ਵਢਣ ਦੀ ਵਾਰੀ ਉਸੇ ਦੀ ਸੀ । ਜਪੇ ਬਾਹਮਣ ਕਿਆਂ ਤਕ ਪਹਿਲਾਂ ਸਾਰਿਆਂ ਨੇ ਵਾਰੀ ਲਾ ਲਈ ਸੀ ।

ਮੋਘੇਦਾਰ ਤੋਂ ਵਕਤ ਪੁਛਕੇ ਸਹੀ ਰਾਤ ਦੇ ਅੱਠ ਵਜੇ ਸੁੱਚਾ ਸਿੰਘ ਨੇ ਜਾ ਨੱਕਾ ਵੱਢਿਆ ਸੀ । ਜਿਉਂ ਜਿਉਂ ਪਾਣੀ ਉਹਦੀ ਧਰਤੀ ਦੀ ਹਿੱਕ 'ਤੇ ਦੌੜਦਾ ਜਾ ਰਿਹਾ ਸੀ, ਧਰਤੀ ਨੂੰ ਤਾਂ ਸ਼ਾਇਦ ਪਾਣੀ ਮਿਲਣ ਕਰਕੇ ਘਟ ਸ਼ਾਂਤੀ ਮਿਲ ਰਹੀ ਸੀ ਪਰ ਸੁੱਚਾ ਸਿੰਘ ਦੇ ਕਾਲਜੇ ਨੂੰ ਜ਼ਰੂਰ ਠੰਢ ਪੈਂਦੀ ਜਾ ਰਹੀ ਸੀ । ਉਸਨੂੰ ਪਲ ਪਲ ਕਣਕ ਸਿਰ ਕਢਕੇ ਅਸਮਾਨ ਵਲ ਵਧਦੀ ਜਾ ਰਹੀ ਮਹਿਸੂਸ ਹੋ ਰਹੀ ਸੀ ਤੇ ਫੇਰ ਅੱਖਾਂ ਦੇ ਫੋਰ ਵਿਚ ਕਣਕ ਪੱਕ ਵੀ ਗਈ ਸੀ । ਵੱਢ ਵੀ ਲਈ ਸੀ । ਕਢਕੇ ਮੰਡੀ ਵੇਚ ਵੀ ਆਇਆ ਸੀ । ਆਉਂਦਾ ਹੋਇਆ ਭਗਵਾਨੇ ਦੀ ਦੁਕਾਨ ਤੋਂ ਢਾਈ ਰੁਪੈ

ਗਜ ਵਾਲੇ ਚੈਕਦਾਰ ਖੱਦਰ ਦਾ ਇਕ ਥਾਨ ਆਪਣੇ ਲਈ, ਬਾਪੂ ਲਈ ਤੇ ਮੁੰਡਿਆਂ ਲਈ ਖਰੀਦ ਲਿਆਇਆ ਸੀ। ਭੈਣ ਦਲੀਪੋ, ਕੁੜੀਆਂ ਤੇ ਜਲ ਕੌਰ ਲਈ ਉਸਨੇ ਬੇਬੇ ਨੂੰ ਪੈਸੇ ਦੇ ਦਿਤੇ ਸਨ ਤੇ ਕਹਿ ਦਿਤਾ ਸੀ ਕਿ ਜਾਕੇ ਆਪਣੀ ਪਸੰਦ ਦੇ ਕਪੜੇ ਖਰੀਦ ਲਿਆਉਣ। ਫੇਰ ਬਚੋਲੇ ਨੂੰ ਦਿਨ ਕਢਾਕੇ ਦਲੀਪੋ ਦੇ ਸੌਹਰੀਂ ਵਿਆਹ ਦਾ ਦਿਨ ਦੇਣ ਲਈ ਭੇਜ ਦਿਤਾ ਸੀ। ਆਪ ਉਹਦੇ ਵਿਆਹ ਦਾ ਸੀਧਾ ਪੱਤਾ ਖਰੀਦਣ ਦੀਆਂ ਬਾਪੂ ਨਾਲ ਸਲਾਹਾਂ ਕਰਨ ਲਗ ਪਿਆ ਸੀ।

"ਉਏ ਸੁਚਿਆ...ਜੂਪੇ ਬਾਹਮਣ ਦੇ ਛੋਟੇ ਭਾਈ ਦਿਆਲੇ ਦੀ ਆਵਾਜ਼ ਨੇ ਉਸਨੂੰ ਸੁਪਨਿਆਂ ਦੀ ਦੁਨੀਆਂ ਵਿਚੋਂ ਕਢ ਲਿਆਂਦਾ ਸੀ।

"ਹੋ...ਓ..." ਉਹ ਬੁੜਬੜਾਇਆ ਸੀ।

"ਤੈਨੂੰ ਪਾਣੀ ਬਢਣ ਨੂੰ ਕੀਹਨੇ ਕਿਹਾ ਤੀ" ਦਿਆਲਾ ਉਹਦੇ ਸਿਰ 'ਤੇ ਆਕੇ ਗਰਜਿਆ ਸੀ।

ਉਸਨੇ ਪਿੱਠ ਭੁਆਕੇ ਦੇਖਿਆ—ਦਿਆਲੇ ਨੂੰ ਲਾਲ ਅੱਖਾਂ ਕਰੀ ਖੜਾ ਦੇਖਕੇ ਉਹ ਡਰ ਗਿਆ ਸੀ ਕਿਉਂਕਿ ਦਿਆਲੇ ਹੋਰੀਂ ਛੇ ਸਕੇ ਭਾਈ ਸਨ। ਛੇ ਦੇ ਛੇ ਹੀ ਡੰਡਿਆਂ ਵਰਗੇ ਗੱਭਰੂ... ਜੂਪੇ ਤੋਂ ਸਿਵਾਏ ਸਾਰੇ ਦੇ ਸਾਰੇ ਆਦੀ ਛੜੇ...ਨਾ ਰੰਨ ਨਾ ਕੰਨ...ਨਾ ਕਿਸੇ ਨੇ ਨੂੰਹ ਲਿਆਉਣੀ ਸੀ ਤੇ ਨਾ ਕਿਸੇ ਕੁੜੀ ਤੋਰਨੀ ਸੀ। ਰੋਟੀਆਂ ਖਾਣ ਤਕ ਮਤਲਬ...ਜੇਲ੍ਹ ਦੀਆਂ ਹੋਣ ਜਾਂ ਘਰ ਦੀਆਂ...ਸਗੋਂ ਜੇਲ੍ਹ ਦੀਆਂ ਰੋਟੀਆਂ ਨੂੰ ਉਹ ਪਹਿਲ ਦਿੰਦੇ ਸਨ...ਪਹਿਲੇ ਬੈਠਿਆਂ ਨੂੰ ਜੋ ਮਿਲ ਜਾਂਦੀਆਂ ਸਨ। ਸਾਰੇ ਪਿੰਡ 'ਤੇ ਉਹਨਾਂ ਦੀ ਤੜੀ ਸੀ। ਧੱਕਾ ਕਰਨਾ ਉਹਨਾਂ ਦਾ ਜਨਮ ਸਿਧ ਦਾ ਅਧਿਕਾਰ ਸੀ ਪਰ ਫੇਰ ਉਸ ਨੇ ਦਿਲ ਕਰੜਾ ਕਰਕੇ ਕਿਹਾ ਸੀ"ਮੋਘੇਦਾਰ ਨੇ...ਮੇਰੀ ਬਾਰੀਐ..."

"ਤੇਰੀ ਬਾਰੀ ਕਿਥੋਂ ਆਈਐ ?"

"ਜਿਥੋਂ ਤੁਸਾਂ ਛੱਡੀ ਤਾਂ ਉਥੋਂ ?"

"ਜਿਥੋਂ ਅਸੀਂ ਛਡਿਆ ਤਾਂ ਫੇਰ ਉਥੋਂ ਈ ਚਾਲੂ ਹੋਣਾ ਚਾਹੀਦੇ।"

"ਇਹ ਕਿਵੇਂ ਹੋ ਸਕਦੈ ਜਦੋਂ ਤੁਸੀਂ ਆਪਣੀ ਬਾਰੀ ਲਾ ਹਟਿਓਂ ਫੇਰ ਦੂਹਰੀ ਵਾਰ ਥੋੜਾ ਕੀ ਹੱਕੇ ?"

"ਹੋਰ ਥੋੜਾ ਹੱਕੇ ?"

"ਆਹੋ ਸਾਡਾ ਤਾਂ ਹੈ ਈ"

"ਭਾਈ ਬੰਦੀ ਨਾਲ ਛਡਦੇਂ ਕ ਨਹੀਂ ?"

"ਜਦ ਤੁਸੀਂ ਬਾਰੀ ਲੈ ਲਈਐ ਫੇਰ ਦੂਹਰੀ ਵਾਰੀ ਧੱਕਾ ਕਿਉਂ ਕਰ ਦਿਓਂ।"

"ਅਸੀਂ ਆਪਣੀ ਬਾਰੀ ਲੈਨਿਆਂ ਏਸ ਵਿਚ ਧੱਕਾ ਕਿਹੜਾ ਹੋਇਆ"

"ਦੂਹਰੀ ਵਾਰੀ ਪਾਣੀ ਬਢਣਾ ਧੱਕਾ ਨਹੀਂ ਤਾਂ ਹੋਰ ਕੀ ਐ ?"

"ਚੰਗਾ ਜੇ ਧੱਕੈ ਤਾਂ ਧੱਕਾ ਹੀ ਸਹੀ...ਆਹਲੈ ਰੋਕ ਕੇ ਦਖਾ" ਕਹਿੰਦਿਆਂ ਹੰਕਾਰੇ ਹੋਏ ਦਿਆਲੇ ਨੇ ਵੱਟ ਨੂੰ ਪਹਿਲਾ ਟੱਕ ਮਾਰ ਦਿੱਤਾ। ਸੁੱਚਾ ਸਿੰਘ ਦੇ ਰੋਕਦਿਆਂ ਫੇਰ ਦੂਜਾ ਤੀਜਾ ਟੱਕ

ਇਕੋ ਸਾਹੇ ਮਾਰ ਦਿਤੇ ਜਿਸ ਨਾਲ ਪਾਣੀ ਜੂਪੇ ਕੇ ਖੇਤ ਵਿਚ ਪੈਣ ਲਗ ਪਿਆ ਸੀ। ਜੂਪੇ ਕੇ ਖੇਤ ਵਿਚ ਪੈ ਰਿਹਾ ਪਾਣੀ ਦੇਖਕੇ ਸੁੱਚਾ ਸਿੰਘ ਦੇ ਪੈਰਾਂ ਦੇ ਨੌਹਾਂ ਤੋਂ ਚੜ੍ਹਕੇ ਸਾਰੇ ਦਾ ਸਾਰਾ ਖੂੰਨ ਇਕ ਦਮ ਦਿਮਾਗ ਵਿਚ ਪਹੁੰਚ ਗਿਆ ਸੀ। ਉਸ ਦੇ ਦਿਮਾਗ ਵਿਚਲਾ ਘੜੀ ਪਹਿਲਾਂ ਦਾ ਉਸਰਿਆ ਮਹਿਲ ਖੇਰੂੰ ਖੇਰੂੰ ਹੋ ਗਿਆ ਸੀ। ਉਸਦੇ ਸਰੀਰ ਦੀਆਂ ਰਗਾਂ ਕਸੀਆਂ ਗਈਆਂ ਅਤੇ ਉਸਨੇ ਕਹੀ ਪੂਰੇ ਜ਼ੋਰ ਨਾਲ ਸਿਰ ਤੋਂ ਉਤਾਹਾਂ ਚੁਕੀ ਸੀ, ਦਿਆਲੇ ਨੇ ਬਚਾਅ ਲਈ ਪਿਛੇ ਹਟਣਾ ਚਾਹਿਆ ਸੀ। ਪਰ ਉਸਦੀ ਅੱਡੀ ਚੂਹੇ ਦੀ ਖੱਡ ਵਿਚ ਧਸੀ ਗਈ ਸੀ ਜਿਸ ਕਰਕੇ ਉਹ ਢੂਹੀ ਭਾਰ ਡਿਗ ਪਿਆ ਸੀ। ਉਸਦੇ ਹੱਥੋਂ ਕਹੀ ਛੁਟਕੇ ਪਰੇ ਜਾ ਡਿੱਗੀ ਸੀ। ਫੇਰ ਉਸਨੇ ਫਟਾ ਫਟ ਉਠਣ ਦੀ ਕੋਸ਼ਿਸ਼ ਕੀਤੀ ਸੀ ਪਰ ਜਦੋ ਹੀ ਸੁੱਚਾ ਸਿੰਘ ਦੀ ਕਹੀ ਉਸਦੇ ਕਪਾਲ ਵਿਚ ਪੀਨ੍ਹ ਤਕ ਧਸ ਗਈ ਸੀ। ਜਿਸ ਕਰਕੇ ਉਹਦਾ ਚੀਕ ਮਾਰਨ ਲਈ ਅੱਡਿਆ ਮੂੰਹ ਅੱਡੇ ਦਾ ਅੱਡਿਆ ਹੀ ਰਹਿ ਗਿਆ ਸੀ ਤੇ ਚੀਕ ਵੀ ਸੰਘ ਦੇ ਵਿਚ ਕਿਤੇ ਕਾਂ ਕੋਲ ਹੀ ਫਸਕੇ ਰਹਿ ਗਈ ਸੀ। ਦਿਆਲੇ ਦੇ ਸਿਰ ਵਿਚੋਂ ਕਹੀ ਖਿਚਣ ਵੇਲੇ "ਉਹ ਮੈਂ ਕੀ ਕਰ ਬੈਠਿਆ" ਸੁੱਚਾ ਸਿੰਘ ਬੁੜਬੜਾਇਆ ਸੀ।

"ਕਿਹੜੇ ਵਹਿਣਾਂ ਵਿਚ ਵਹਿ ਗਿਆ ਸੁਚਿਆ..." ਨੰਬਰਦਾਰ ਜੋਰਾ ਸਿੰਘ ਨੇ, ਲੰਗਰ ਮੂਹਰਦੀ ਲੰਘਦੇ ਹੋਏ ਉਸਨੂੰ ਬਾਹਰ ਖੜਾ ਦੇਖਕੇ ਕਿਹਾ। "ਮੱਖਿਆ ਆਈ ਨੀ ਭਰਜਾਈ..." ਨੰਬਰਦਾਰ ਦੀ ਗੱਲ ਸੁਣਕੇ ਸੁੱਚਾ ਸਿੰਘ ਠਠੰਬਰ ਗਿਆ ਉਸਨੂੰ ਲਗਿਆ ਜਿਵੇਂ ਉਹ ਚੋਰੀ ਕਰਦਾ ਪਾੜ 'ਤੇ ਹੀ ਫੜਿਆ ਗਿਆ ਹੋਵੇ ਪਰ ਫ਼ੇਰ ਉਸ ਨੂੰ ਸਹਿਜ ਹੁੰਦਿਆਂ ਕਿਹਾ "ਆਜੂਗੀ ਘਰਦੇ ਕੰਮ ਕਾਰ ਕਰਦੀ ਨੂੰ ਕਵੇਲਾ ਹੋ ਗਿਆ ਹੋਣੈ"

"ਲੈ ਚਪਾਹੀ ਆਉਂਦੈ ਆਪਣੀ ਕੰਨੀਂ ਸ਼ੈਤ ਭਰਜਾਈ ਆਗੀ ਹੋਵੇ..."

"ਹਾਂ ਲਗਦਾ ਤਾਂ ਐਂ ਈ ਐ..." ਸਿਪਾਹੀ ਨੂੰ ਆਪਣੇ ਵਲ ਆਉਂਦਾ ਦੇਖਕੇ ਸੁੱਚਾ ਸਿੰਘ ਨੇ ਵੀ ਹੁੰਘਾਰਾ ਭਰਿਆ ਤੇ ਉਸ ਪਹਿਲਾਂ ਤਾਂ ਆਪਣਾ ਖੱਦਰ ਦਾ ਪਜਾਮਾ ਤੇ ਕਮੀਜ਼ ਝਾੜੇ ਫੇਰ ਪੱਗ ਦੇ ਲੜ ਕੰਨਾਂ ਕੋਲੋਂ ਹੇਠ ਖਿਚਕੇ ਅੰਗੂਠੇ ਨਾਲ ਥੋੜੀ ਜਿਹੀ ਪੱਗ ਉਪਰ ਉਗਾਸ ਕੇ ਉਸ ਦੀ ਚੂੰਜ ਠੀਕ ਕੀਤੀ।

ਸਿਪਾਹੀ ਉਹਨਾਂ ਕੋਲ ਆਕੇ ਮੁਸਕਰਾਇਆ ਜਵਾਬ ਵਿਚ ਸੁੱਚਾ ਸਿੰਘ ਵੀ ਖਿੜ ਉਠਿਆ।

"ਅੱਜ ਤਾਂ ਭਰਜਾਈ ਆਈ ਲਗਦੀਐ"

"ਉਹੀ ਹੋਣੀਐ ਭੋਰਾ ਖਿਆਲ ਰੱਖੀਂ"

"ਫਿਕਰ ਨਾ ਕਰ ਜਦ ਕਹੇਂਗਾ ਉਦੋਂ ਭੇਜ ਦਿਆਂਗੇ"

"ਮੁਲਾਕਾਤ ਵਾਲੀ ਥਾਂ 'ਤੇ ਪਹੁੰਚਦਿਆਂ ਉਸਨੇ ਦੇਖਿਆ ਸਾਹਮਣੇ ਜਲ ਕੌਰ ਖੜੀ ਸੀ। ਸੁੱਚਾ ਸਿੰਘ ਨੂੰ ਦੇਖਦਿਆਂ ਹੀ ਉਹ ਚੁਪ ਚਾਪ ਆਪਣੇ ਦੋਵੇਂ ਹੱਥ ਜੋੜ ਕੇ ਮੱਥੇ ਤਕ ਲੈ ਗਈ। ਦੋਹਾਂ ਨੂੰ ਆਹਮੋ ਸਾਹਮਣੇ ਖੜੇ ਕਰਕੇ ਸਿਪਾਹੀ ਨੇ ਕਿਹਾ "ਸੁੱਚਾ ਸਿਆਂ ਐਂ ਹੀ ਚੁਪਚਾਪ ਖੜਾ ਰਹੇਂਗਾ... ਭਰਜਾਈ ਨੂੰ ਚਾਹ ਪਾਣੀ ਦਾ ਨਾਂ ਨਹੀਂ ਲਵੇਂਗਾ ?"

"ਜਾਹ ਲੈ ਆ ਫੇਰ" ਸੁੱਚਾ ਸਿੰਘ ਵੀ ਤਾਂ ਇਹੀ ਚਾਹੁੰਦਾ ਸੀ। ਸਿਪਾਹੀ ਚਾਹ ਲੈਣ ਚਲਾ ਗਿਆ। ਸੁੱਚਾ ਸਿੰਘ ਨੇ ਜਲ ਕੌਰ ਨੂੰ ਪੈਰਾਂ ਤੋਂ ਸਿਰ ਤਕ ਇਕ ਵਾਰ ਬੜੇ ਗੌਰ ਨਾਲ ਦੇਖਿਆ। ਉਸ ਨੂੰ ਅੱਜ ਜਲ ਕੌਰ ਪਹਿਲਾਂ ਨਾਲੋਂ ਕੁਝ ਵਧ ਹੀ ਨਿਖਰੀ ਹੋਈ ਦਿਖਾਈ ਦਿੱਤੀ। ਕਾਲੀ

ਲੇਡੀਮਿੰਟਣ ਦੀ ਸਲਵਾਰ ਤੇ ਚਿੱਟੀ ਲੀਲਣ ਦੀ ਕੁੜਤੀ ਤੇ ਕਿਨਾਰੀ ਵਾਲੀ ਚੁੰਨੀ ਲਈ ਹੋਈ ਦੇਖਕੇ ਸੁੱਚਾ ਸਿੰਘ ਨੇ ਖੰਘੂਰਾ ਮਾਰਕੇ ਆਖਿਆ "ਅੱਜ ਤਾਂ ਬਈ ਕਮਾਲ ਈ ਕਰਤੀ..."

ਸੁੱਚਾ ਸਿੰਘ ਦੀ ਗੱਲ ਸੁਣਕੇ ਸੰਗ ਨਾਲ ਜਲ ਕੌਰ ਦੀਆਂ ਗੱਲ੍ਹਾਂ ਪੀਂਝੂਆਂ ਵਰਗੀਆਂ ਲਾਲ ਹੋ ਗਈਆਂ ਪਰ ਫੇਰ ਜਦ ਸੁੱਚਾ ਸਿੰਘ ਨੇ ਉਹਦੀਆਂ ਅੱਖਾਂ ਵਿਚ ਦੇਖਿਆ ਤਾਂ ਹੈਰਾਨ ਰਹਿ ਗਿਆ।

"ਜਲੋ..." ਉਸ ਆਖਿਆ

"ਜੀ..."

"ਤੇਰੀਆਂ ਅੱਖਾਂ ਨੂੰ ਕੀ ਹੋ ਗਿਐ ?"

"ਕੁਝ ਨੀ"

"ਕੁਝ ਕਿਉਂ ਨੀ ? ਦੁਖਦੀਆਂ ਨੇ ?"

"ਨਹੀਂ ?"

"ਹੋਰ ?"

"ਉਂਘ ਨੀ ਆਉਂਦੀ"

"ਕਿਉਂ ? ਸੁੱਤੀ ਰਿਹਾ ਕਰ ਹੁਣ ਕਿਹੜਾ ਤੈਨੂੰ ਕੋਈ ਟੋਕਣ ਆਲੈ"

"ਤੇਰੇ ਹੁੰਦੇ ਮੈਂ ਬੇਫਿਕਰ ਹੁੰਦੀ ਤੀ..."

"ਹੁਣ ?"

"ਹੁਣ ਤਾਂ ਐਂ ਲਗਦੈ ਜਿਵੇਂ ਕੋਈ ਕੰਧ ਟੱਪਕੇ ਹੀ ਨਾ ਆਜੇ, ਨਾਲੇ ਜਦ ਸੌਣ ਲਗਦੀਆਂ ਉਦੀਂ ਜਾਣੀ ਤੂੰ ਮੈਨੂੰ ਬਾਹੋਂ ਫੜਕੇ ਬੈਠਾ ਕਰ ਦਿਨੈ...ਸਾਰੀ ਰਾਤ ਅੱਖਾਂ ਮੂਹਰੇ ਫਿਰਦਾ ਰਹਿਨੈਂ...। ਬੱਸ ਤੇਰੇ ਨਾਲ ਹੀ ਗੱਲਾਂ ਕਰੀ ਜਾਨੀਆਂ।

"ਬੇਬੇ ਦਾ ਕੀ ਹਾਲ ਐ...?" ਸਿਪਾਹੀ ਤੇ ਚਾਹ ਵਾਲੇ ਮੁੰਡੂ ਨੂੰ ਆਉਂਦਾ ਦੇਖਕੇ ਸੁੱਚਾ ਸਿੰਘ ਨੇ ਗੱਲ ਦਾ ਰੁੱਖ ਬਦਲਿਆ।

"ਚੰਗਾ ਐ......ਅੱਖਾਂ ਸਮਾਰ ਕੇ ਲਿਆਂਦੀਆਂ ਭੀਖੀ ਤੋਂ......ਕਲ ਨੂੰ ਪੱਟੀ ਖੁਲੂ"

"ਬਾਪੂ ਕੀ ਕਰਦਾ ਤੀ ਅੱਜ ?"

"ਕੱਖ ਲੈਣ ਗਿਆ ਤੀ......"

"ਕਿਉਂ ? ਸੀਰੀ ?"

"ਉਹਦਾ ਮੁੰਡਾ ਉਹਦੀ ਭਾਣਜੀ ਕਢਕੇ ਲੈ ਗਿਆ......ਉਹਨੂੰ ਦੇਖਣ ਗਏ ਨੇ ਦਿੱਲੀ ਕੰਨੀਂ......"

"ਬੜਾ ਮਾੜਾ ਕੰਮ ਕੀਤਾ ਸਾਲੇ ਨੇ...ਹੋਰ ਕੋਈ ਕੁੜੀ ਨਾ ਥਿਆਈ ਉਸਨੂੰ ਕਢਣ ਨੂੰ... ਲੈ ਕੀ 'ਤਬਾਰ ਕਰੀਏ ਅੱਜ ਕੱਲ ਕਿਸੇ ਤੇ...ਅਗੇ ਤਾਂਹੀ ਤਾਂ ਪੁਰਾਣੇ ਬੁੜ੍ਹੇ ਬੁੜ੍ਹੀਆਂ ਸਕੇ ਭੈਣ ਭਾਈਆਂ ਨੂੰ ਵੀ ਇਕੋ ਲਟੈਣ ਥੱਲੇ ਕੱਲੇ ਨਹੀਂ ਤੀ ਸੌਣ ਦਿਦੇ..."

"ਦਿਲ ਵੀ ਬੜੀ ਅਜੀਬ ਚੀਜ਼ ਐ ਸੁੱਚਾ ਸਿਆਂ ਕੀ ਪਤੈ ਕੁੱਤੀ 'ਤੇ ਵੀ ਆ ਸਕਦੈ ..ਕੱਲ ਅਖਬਾਰ ਵਿਚ ਇਕ ਸੁਨਾਮ ਦੀ ਖਬਰ ਨੀ ਪੜ੍ਹੀ...ਇਕ ਮੁੰਡਾ ਲੋਕਾਂ ਨੇ ਕੁੱਤੀ ਨਾਲ ਫੜ ਲਿਆ... ਇਸ ਨੇ ਤਾਂ ਫੇਰ ਵੀ ਕੁੜੀ ਕਢੀਐ...ਤੇ ਮਿਰਜੇ ਦੀ ਯਾਦ ਤਾਜੀ ਕੀਤੀਐ...ਉਹ ਵੀ ਭੂਆ ਦੀ ਧੀ ਕਢਕੇ ਲਗਿਆ ਤੀ..." ਸਿਪਾਹੀ ਨੇ ਚਾਹ ਦਾ ਗਲਾਸ ਡੌਂਗੇ ਚੋਂ ਕਢਦੇ ਨੇ ਕਿਹਾ ਤੇ ਪਿਛੇ ਹਟ ਗਿਆ। ਮੁੰਡੂ ਨੇ ਦੂਜਾ ਗਲਾਸ ਜਲਕੌਰ ਨੂੰ ਫੜਾ ਦਿੱਤਾ।

"ਜੁਆਕਾਂ ਨੂੰ ਸਕੂਲ ਤੜਕੇ ਭੇਜ ਦਿਆ ਕਰ"

"ਆਪਣੀ ਜਾਨ ਤਾਂ ਭੇਜਦੀ ਈਆਂ ਪਰ ਕਰਨੈਲ ਕਦੇ ਕਦੇ ਅੜ ਜਾਂਦੈ"

"ਖੌਂਸੜਾ ਫੇਰ ਦਿਆ ਕਰ ਸਾਲੇ ਤੇ..."

"ਕੁੱਟਿਆ ਕਿਹੜਾ ਜਾਂਦੈ ਹੁਣ ਤਾਂ ਕਾਸੇ ਨੂੰ ਚਿੱਤ ਨੀ ਕਰਦਾ"

"ਹੋਰ ਕੋਈ ਖਬਰਸਾਰ ?"

"ਚਰਨਾ ਆ ਗਿਆ ਤੀ"

"ਕਿਹੜਾ ?"

"ਤੇਰੀ ਭੂਆ ਦਾ ਪੁੱਤ"

"ਅੱਛਾ .ਕੀ ਕਹਿੰਦਾ ਤੀ ?"

"ਦਲੀਪੋ ਦੇ ਸੌਹਰੇ ਮੱਘਰ ਦਾ ਵਿਆਹ ਮੰਗਦੇ ਨੇ.. "

"ਫੇਰ ਬਾਪੂ ਨੇ ਕੀ ਕਿਹੈ ?"

"ਜਵਾਬ ਦੇ ਦਿੱਤੈ..."

"ਕਿਉਂ ?"

"ਕਿਉਂ ਕੀ ਸੌਣੀ ਦਾ ਤਾਂ ਡਾਲ ਨੀ ਰਿਹਾ..."

"ਕੀ ਗੱਲ ਹੋਗੀ"

"ਗੱਲ ਕੀ ਹੋਣੀ ਤੀ, ਮੀਂਹ ਥੋੜ੍ਹਾ ਪਿਐ...ਗੋਡੇ ਗੋਡੇ ਪਾਣੀ ਫਿਰਦੈ ਕਪਾਹ ਤੇ ਮੱਕੀ ਵਿਚ ਤਾਂ।"

[ਬੀ-4/91 ਅਸਤਬਲ, ਪਟਿਆਲਾ ਗੇਟ, ਸੰਗਰੂਰ]

## ਪੀੜ੍ਹੀ ਦਰ ਪੀੜ੍ਹੀ/ਪ੍ਰਦੀਪ ਬੋਸ

ਜਦੋਂ ਅਸੀਂ ਜੰਮੇ
ਸਾਡੇ ਬਜ਼ੁਰਗਾਂ ਦੀ ਹੱਡਿਆ ਹੋ ਚੁੱਕੀ ਸੀ
ਜੰਮਣ ਦੇ ਤੁਰੰਤ ਬਾਅਦ
ਉਨ੍ਹਾਂ ਨੇ ਸਾਨੂੰ ਵੀ ਕਬਰਾਂ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ
ਅਤੇ ਮਿਣ-ਮਿਣ ਕੇ
ਇਕਾਈ ਦਰ ਇਕਾਈ
ਸਾਲ ਦਰ ਸਾਲ ਦਫਨਾਉਂਦੇ ਰਹੇ
ਉਦੋਂ ਤੋਂ ਸਾਨੂੰ ਜਿਹੜੀ ਵੀ ਚਾਰ ਦਿਵਾਰੀ ਦਿਸਦੀ ਹੈ
ਪਾਠਸ਼ਾਲਾ ਲਗਦੀ ਹੈ
ਜਿਹੜਾ ਵੀ ਸਤੰਭ ਦਿਸਦਾ ਹੈ
ਮੀਨਾਰ ਲਗਦਾ ਹੈ
ਜਿਹੜਾ ਵੀ ਬੰਦਾ ਦਿਸਦਾ ਹੈ
ਕਬਰ ਲਗਦਾ ਹੈ
ਚੋਰੀ-ਛੁਪੇ ਅਸੀਂ ਸਰਕੰਡਿਆਂ ਦੀ ਛਾਂ 'ਚ
ਕਿਤਾਬਾਂ ਦੀ ਅੱਗ ਸੇਕਦੇ ਰਹੇ
ਅਤੇ (ਦਿਖਾਵੇ ਦੇ ਤੌਰ 'ਤੇ)
ਸੂਰਜ ਵੱਲ ਪਿੱਠ ਕਰ
ਅਕਾਸ਼ ਨੂੰ (ਰਸਮੀ ਆਵਾਜ਼ 'ਚ)
'ਜੈ ਭਾਰਤ ਭਾਗਿਆ ਵਿਧਾਤਾ' ਸੁਣਾਉਂਦੇ ਰਹੇ
ਇਸ ਤਰ੍ਹਾਂ
ਅਸੀਂ ਹੌਲੀ-ਹੌਲੀ ਮਿੱਟੀ ਦੇ ਥੱਲੇ ਦਬਦੇ ਰਹੇ
ਮਿੱਟੀ 'ਚ ਦਬਕੇ ਮਿੱਟੀ ਦੇ ਨੇੜੇ ਹੋਰ ਨੇੜੇ ਹੁੰਦੇ ਗਏ
ਅਸੀਂ ਬੋਝਲ ਸ਼ਾਮਾਂ ਦੀ ਗੁਲਾਬੀ ਪੰਖੜੀਆਂ ਨੂੰ
ਪਲੋਸਣਾ ਸਿਖ ਲਿਆ
ਅਸੀਂ ਜਦੋਂ ਵੀ ਸੁਬਹ ਨੂੰ ਖਿੜਦੇ ਵੇਖਿਆ
ਉਹਦੇ ਮੂੰਹ ਤੋਂ ਫੁੱਲ ਕਿਰਦੇ ਅਤੇ ਗੱਲ੍ਹਾਂ 'ਚ ਟੋਏ ਪੈਂਦੇ
ਜੇ ਕੋਈ ਨੌਜਵਾਨ ਸਾਡੀ ਕਬਰ ਦੇ ਨੇੜਿਓਂ ਲੰਘਦਾ
ਅਸੀਂ ਉਸਦਾ ਢਿੱਡ ਥਪਥਪਾਉਂਦੇ
ਅਤੇ ਪੁੱਛਦੇ—ਕੀ ਹਾਲ ਹੈ ?
ਉਹ ਕਹਿੰਦਾ ਅਜੇ ਇੰਤਜ਼ਾਰ ਕਰੋ ਸਮਾਂ ਆਏਗਾ
ਅਤੇ ਅਸੀਂ ਕਬਰ-ਮੁਕਤ ਹੋਣ ਲਈ ਅਗਲੀ ਪੀੜ੍ਹੀ ਤਕ ਇਤਜ਼ਾਰ ਕਰਦੇ ।

[ਹੋਸਟਲ 3/225, ਪੀ. ਏ. ਯੂ., ਲੁਧਿਆਣਾ]

## ਕੇਸਰੋ

ਢੇਰ ਚਿਰ ਪਹਿਲਾਂ ਲਿਖਿਆ ਤੇ ਕਈ ਵਾਰ ਸਫਲਤਾ ਪੂਰਵਕ ਰੰਗ ਮੰਚ ਉਤੇ ਖੇਡਿਆ ਗਿਆ ਗਾਰਗੀ ਰਚਿਤ ਕੇਸਰੋ ਨਾਟਕ ਗਾਰਗੀ ਦੇ ਨਿਰਦੇਸ਼ਨ ਹੇਠ ਇਕ ਵਾਰੀ ਮੁੜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਡੀਅਨ ਥੀਏਟਰ ਵਿਭਾਗ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ। ਸਿਆਲ ਦੀਆਂ ਠੰਡੀਆਂ ਰਾਤਾਂ—ਨਵੰਬਰ ਦਾ ਆਖਰੀ ਹਫਤਾ ਤੇ ਪੇਸ਼ਕਾਰੀ ਕੇਸਰੋ ਦੀ।

ਨਾਟਕ ਦਾ ਅਰੰਭ ਗੀਤ ਨਾਲ ਕੀਤਾ ਗਿਆ

"ਸੁਣੋ ਵੇ ਲੋਕੋ ਇਕ ਪਿੰਡ ਦੀ ਕਹਾਣੀ"

ਇਸ ਗੀਤ ਨੇ ਨਾਟਕ ਦਾ ਪਿੜ ਕੇਸਰੋ ਤੋਂ ਖੋਹ ਕੇ ਹੋਰ ਵਡੇਰਾ ਕਰ ਦਿਤਾ। ਨਾਟਕ ਗਾਰਗੀ ਦੀ ਸਾਹਿਤਕ ਕ੍ਰਿਤ ਕੇਸਰੋ ਨਾ ਰਹਿ ਕੇ ਪੰਜਾਬ ਦੇ ਪਿੰਡ ਦੀ ਜ਼ਿੰਦਗੀ ਅਤੇ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨਾਲ ਪਰੁੱਚ ਦਿਤਾ ਗਿਆ। ਬੇਸ਼ੱਕ ਇਹ ਨਾਟਕੀ ਰੰਗਮੰਚੀ ਪੇਸ਼ਕਾਰੀ ਦਾ ਔਗੁਣ ਨਹੀਂ, ਸਗੋਂ ਵਡੱਤਣ ਹੈ ਪਰੰਤੂ ਜਦ ਇਹ 'ਵਾਧੂ ਭਰਤੀ' ਨਾਟਕ ਦੇ ਕੇਂਦਰੀ ਨੁਕਤੇ ਨੂੰ ਉਭਾਰਨ ਦੀ ਥਾਵੇਂ ਉਸਨੂੰ ਆਪਣੇ ਹੇਠਾਂ ਦੱਬ ਲਵੇ ਤਾਂ ਪਾਠਕ/ਦਰਸ਼ਕ ਕੁਝ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਇਸ ਮਜਬੂਰੀ ਦਾ ਸਾਹਮਣਾ ਇਸ ਨਾਟਕੀ ਪੇਸ਼ਕਾਰੀ ਦੇ ਦਰਸ਼ਕਾਂ ਨੂੰ ਵੀ ਕਰਨਾ ਪਿਆ।

ਪਹਿਲੇ ਦ੍ਰਿਸ਼ ਵਿਚ ਸਾਰੇ ਪਿੰਡ ਨਾਲ ਦਰਸ਼ਕ ਦੀ ਜਾਣਕਾਰੀ ਹੁੰਦੀ ਹੈ। ਲੋਕ ਵੱਖ ਵੱਖ ਕੰਮਾਂ ਧੰਦਿਆਂ ਵਿਚ ਰੁਝੇ ਹਨ। ਤੜਕ ਸਾਰ ਦਾ ਸਮਾਂ ਹੈ। ਦੁਧ ਰਿੜਕਿਆ ਜਾ ਰਿਹਾ ਹੈ, ਹਾਲੀ ਖੇਤਾਂ ਨੂੰ ਜਾ ਰਿਹਾ ਹੈ, ਲਾਲਾ ਆਪਣੀ ਦੁਕਾਨ ਖੋਹਲਣ ਦੇ ਆਹਰ ਵਿਚ ਹੈ ਤੇ ਠੀਕ ਇਸੇ ਸਮੇਂ ਕੋਠੇ 'ਤੇ ਬੈਠੀ ਇਕ ਕੁੜੀ ਦੂਜੀ ਦੇ ਸਿਰੋਂ ਜੂੰਆਂ ਕਢ ਰਹੀ ਹੈ। ਨਿਰਦੇਸ਼ਕ ਦੀ ਪਾਰਦਰਸ਼ੀ ਸੂਝ ਦਾ ਸੁੰਦਰ ਮੁਜੱਸਮਾ ਪ੍ਰਦਰਸ਼ਿਤ ਹੈ।

ਅੱਗੋਂ ਸਾਰਾ ਨਾਟਕ ਦ੍ਰਿਸ਼ਾਂ ਵਿਚ ਪੇਸ਼ ਕੀਤਾ ਗਿਆ। ਜਿਸ ਤਰ੍ਹਾਂ ਆਪਣੀ ਰਚਨਾ ਵਿਚ ਲੇਖਕ ਨੇ ਇਸ ਨੂੰ ਵੇਗ ਮਈ ਢੰਗ ਨਾਲ ਬਿਆਨਿਆ ਹੈ—ਉਸ ਤਰ੍ਹਾਂ ਨਹੀਂ ਸਗੋਂ ਰੁਕ ਰੁਕ, ਕੋਈ ਗੱਲ ਪਹਿਲਾਂ ਕੋਈ ਪਿਛੋਂ ਤੇ ਅਜਿਹੇ ਜੋੜ ਤੋੜ ਨਾਲ, 'ਕਿਸੇ ਵਿਸ਼ੇਸ਼ ਮਕਸਦ' ਦੀ ਪ੍ਰਾਪਤੀ ਲਈ ਜੂਝਦਾ ਨਾਟਕ ਅੱਗੇ ਤੁਰਦਾ ਹੈ।

ਨਾਟਕੀ ਗੱਲ-ਕੱਥ ਤੇ ਕਾਰਜ ਨੂੰ ਕੁਝ ਨਾਹਰਿਆਂ ਨਾਲ ਜੋੜ ਕੇ ਉਸ ਵਿਚ ਸਮਕਾਲੀਨ ਚੇਤਨਾ ਭਰਨ ਦਾ ਗਾਰਗੀ ਸਾਹਿਬ ਨੇ ਉਪਰਾਲਾ ਕੀਤਾ ਹੈ। ਜਿਵੇਂ ਅਡਲਟ ਐਜੂਕੇਸ਼ਨ, ਫੈਮਿਲੀ ਪਲੈਨਿੰਗ, ਸ਼ਾਹੂਕਾਰਾ-ਖਾਤਮਾ ਆਦਿ। ਪਰ ਨਾਟਕ ਵਿਚ ਕੇਂਦਰੀ ਨੁਕਤਾ—'ਨਵੀਂ ਚੇਤਨਾ ਦੇ ਆਉਣ ਨਾਲ ਪੁਰਾਣੀ ਦਾ ਖਿੰਡਣਾ ਅਤੇ ਦੋਹਾਂ ਦੇ ਟਕਰਾ ਵਿਚੋਂ ਨਾਟਕੀ ਦਵੰਦ ਦੀ ਉਪਜ'

ਅੱਖੋਂ ਉਹਲੇ ਹੋ ਗਿਆ ਹੈ। ਜਦ ਕਿ ਲੇਖਕ-ਨਿਰਦੇਸ਼ਕ ਇਕੋ ਵਿਅਕਤੀ ਹੋਣ ਸਦਕਾ ਹੋਣਾ ਇਸਤੋਂ ਉਲਟ ਚਾਹੀਦਾ ਸੀ।

ਨਾਟਕ ਦੀ ਪੇਸ਼ਕਾਰੀ ਦਾ ਸਮੁੱਚਾ ਬੱਝਵਾਂ ਪ੍ਰਭਾਵ ਨਹੀਂ ਪੈਂਦਾ । ਵਿਚ ਵਿਚ ਕਲਾਕਾਰ ਆਪਣੀ ਵਿਅਕਤੀਗਤ ਪ੍ਰਤਿਭਾ ਸਦਕਾ ਨਾਟਕ ਵਿਚੋਂ ਉਭਰਕੇ ਬਾਹਰ ਨੂੰ ਝਾਕਦੇ, ਦਰਸ਼ਕਾਂ ਦੀ ਪ੍ਰਸ਼ੰਸਾ ਦੇ ਪਾਤਰ ਬਣਦੇ ਹਨ। ਗਰੀਬੂ ਸ਼ਾਹ ਦੇ ਰੋਲ ਵਿਚ ਅਮਰੀਕ ਗਿੱਲ ਤੇ ਅਤਰੀ ਦੇ ਰੋਲ ਵਿਚ ਸੁਨੀਤਾ ਬਾਜਵਾ ਇਸਦੀ ਮਿਸਾਲ ਹਨ। ਕੇਸਰੋ ਦੇ ਰੋਲ ਵਿਚ ਵੀਨਾ ਅਤੇ ਲੱਖੋ ਦੇ ਰੋਲ ਵਿਚ ਧੀਰ ਦਰਸ਼ਕਾਂ ਵਲੋਂ ਸਲਾਹੇ ਨਹੀਂ ਸਗੋਂ ਨਿੰਦੇ ਗਏ ਜਦੋਂ ਕਿ ਹੋਣਾ ਉਲਟ ਚਾਹੀਦਾ ਸੀ। ਨਿਰਦੇਸ਼ਕ ਸਾਰੇ ਪਾਤਰਾਂ ਵਿਚ ਇਕਸਾਰਤਾ ਨਹੀਂ ਲਿਆ ਸਕਿਆ। ਇਸੇ ਕਾਰਣ ਪੇਸ਼ਕਾਰੀ ਦਾ ਸਮੁੱਚਾ ਪ੍ਰਭਾਵ ਨਿੰਦਣੀ ਹੀ ਸੀ ਵਧੀਆ ਨਹੀਂ।

ਗਾਰਗੀ ਨੇ ਆਪਣੇ ਵਲੋਂ ਨਾਟਕ ਦੀ ਪੇਸ਼ਕਾਰੀ ਲਈ ਬਰੈਖ਼ਤੀਅਨ ਤਕਨੀਕ ਦਾ ਆਸਰਾ ਲਿਆ। ਕੁਝ ਗੀਤ ਨਾਚ ਅਤੇ ਹੋਲੀ ਦਾ ਦ੍ਰਿਸ਼ ਨਾਟਕ ਵਿਚ ਜੋੜਿਆ ਗਿਆ, ਭਾਵੇਂ ਇਨ੍ਹਾਂ ਦ੍ਰਿਸ਼ਾਂ ਵਿਚ ਵੀ ਗਾਰਗੀ ਦੀ ਕੀਤੀ ਗਈ ਗਰੁੱਪਿੰਗ ਖਟਕਦੀ ਸੀ। ਜਿਨ੍ਹਾਂ ਦਰਸ਼ਕਾਂ ਨੇ ਅਲਕਾਜ਼ੀ ਜਾਂ ਗੁਰਸ਼ਰਨ ਸਿੰਘ ਦੇ ਨਾਟਕ ਵੇਖੇ ਹੋਏ ਸਨ ਉਨ੍ਹਾਂ ਲਈ ਇਹ ਪੇਸ਼ਕਾਰੀ ਬੜੀ ਅਸੁਖਾਵੀਂ ਸੀ। ਇਕ ਮਿਲਗੋਭਾ—ਕੋਈ ਵਿਚ ਵਿਚਾਲੇ ਦੀ ਚੀਜ਼। ਕੁਝ ਕੁ ਬੰਦੇ ਤਾਂ ਅੰਤ ਵਿਚ ਗਾਰਗੀ ਬਾਰੇ ਕਹਿ ਰਹੇ ਸਨ ਕਿ

"ਨਾ ਖੁਦਾ ਹੀ ਮਿਲਾ<br>ਨਾ ਵਸਾਲੇ ਸਨਮ..."

ਇੰਡੀਅਨ ਥੀਏਟਰ ਵਿਭਾਗ ਵਿਚ ਗਾਰਗੀ ਸਾਹਿਬ ਦੀ ਇਹ ਆਖਰੀ ਪੇਸ਼ਕਸ਼ ਸੀ। ਕਿਉਂਕਿ ਹੁਣ ਉਹ ਇਸ ਵਿਭਾਗ ਤੋਂ ਅਲਹਿਦਾ ਹੋ ਚੁਕੇ ਹਨ। ਤੇ ਚਾਹੀਦਾ ਇਹ ਸੀ ਕਿ ਗਾਰਗੀ ਆਪਣੀ ਇਸ ਪੇਸ਼ਕਾਰੀ ਨਾਲ ਜਾਂਦਾ ਜਾਂਦਾ ਦਰਸ਼ਕਾਂ ਉਤੇ ਅਮਿੱਟ ਛਾਪ ਛੱਡ ਜਾਂਦਾ । ਇਸ ਪੇਸ਼ਕਾਰੀ ਨੂੰ ਲੋਕ ਯਾਦ ਕਰਦੇ ਤੇ ਨਾਲ ਨਾਲ ਗਾਰਗੀ ਵੀ ਉਨ੍ਹਾਂ ਦੀ ਯਾਦ ਵਿਚ ਤਾਜ਼ਾ ਰਹਿੰਦਾ। ਪਰ ਹੋਇਆ ਇਹ ਕਿ ਗਾਰਗੀ ਨੇ ਆਪਣੀ ਪਹਿਲੀ ਮਾੜੀ ਮੋਟੀ ਬਣੀ ਬਣਾਈ ਉਤੇ ਵੀ ਪਾਣੀ ਫੇਰ ਲਿਆ।

ਸ਼ਾਇਦ ਨਾਟਕ ਦੀ ਤੋੜ ਮੋੜ ਕੇ ਕੀਤੀ ਇਸ ਪੇਸ਼ਕਾਰੀ ਨੇ ਗਾਰਗੀ ਸਾਹਿਬ ਦਾ ਕੋਈ ਹੋਰ ਮਕਸਦ ਹੱਲ ਕਰ ਦਿਤਾ ਹੋਵੇ।

ਪਰ ਕੁਲ ਮਿਲਾ ਕੇ ਗਾਰਗੀ ਵਲੋਂ ਆਪਣੀ ਰਚਨਾ ਕੇਸਰੋ ਤੇ ਪੰਜਾਬੀ ਰੰਗ ਮੰਚ ਨਾਲ ਧੱਕਾ ਕੀਤਾ ਗਿਆ ਹੈ।

ਲੋਕ ਨਾਥ

## ਲੋਕ ਸਾਹਿਤ ਦੀ ਸਾਹਿੱਤਕਤਾ/ਇਕਬਾਲਦੀਪ

ਸਾਹਿਤ ਦੀ ਵਿਸ਼ੇਸ਼ਤਾ-2 (ਸੰਪਾਦਕੀ) ਹਰ ਵਾਰ ਵਾਂਗ ਸਿਰਜਣਾ (ਅੰਕ 24) ਦਾ ਸ਼ਿੰਗਾਰ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਹੈ ਇਹ ਬਹਿਸ ਦਾ ਵਿਸ਼ਾ।

ਇਸ ਸੰਪਾਦਕੀ ਰਾਹੀਂ ਸੰਤ ਸਿੰਘ ਸੇਖੋਂ ਨੇ ਸਾਹਿਤ ਦੇ ਵਿਸ਼ੇਸ਼ ਪੱਖਾਂ ਬਾਰੇ ਵਿਚਾਰ ਪ੍ਰਗਟਾਏ ਹਨ ਜਿਸ ਦੀ ਚਰਚਾ ਕਰਨੀ ਬਣਦੀ ਹੈ। ਸੰਤ ਸਿੰਘ ਸੇਖੋਂ ਨਿਰਸੰਦੇਹ ਪੰਜਾਬੀ ਦਾ ਇਕੋ ਇਕ ਵਿਗਿਆਨਕ ਪਹੁੰਚ ਰਖਣ ਵਾਲਾ ਸਮਾਲੋਚਕ ਹੈ। ਪਰ ਇਸ ਦੇ ਬਾਵਜੂਦ ਉਸ ਦੀ ਹਰ ਗੱਲ ਹਰਫ਼-ਏ-ਆਖ਼ਿਰ ਵੀ ਤਾਂ ਨਹੀਂ ਹੋ ਸਕਦੀ।

ਇਸ ਸੰਪਾਦਕੀ ਦੇ ਆਰੰਭ ਬਾਰੇ ਹੀ ਮੈਂ ਗੱਲ ਤੋਰਨੀ ਲੋੜਦਾ ਹਾਂ। ਸੰਪਾਦਕੀ ਦੇ ਆਰੰਭ ਵਿਚ ਹੀ ਸੰਤ ਸਿੰਘ ਸੇਖੋਂ ਨੇ ਕਿਹਾ ਹੈ, "ਪਹਿਲੇ ਲੇਖਾਂ ਵਿਚ ਲੋਕ-ਗੀਤਾਂ ਨੂੰ ਅਣ-ਸਾਹਿਤ ਕਿਹਾ ਗਿਆ ਹੈ ਤੇ ਇਹਨਾਂ ਨੂੰ ਇਉਂ ਕਹਿਣ ਦਾ ਕਾਰਣ ਵੀ ਦਸਿਆ ਗਿਆ ਹੈ। ਸ਼ਾਇਦ ਅਣ-ਸਾਹਿਤ ਦੀ ਥਾਂ ਨਿਮਨ-ਸਾਹਿਤ ਦੀ ਉਕਤੀ ਵਧੇਰੇ ਯੋਗ ਸੀ। ਇਸ ਲਈ ਇਸ ਲੇਖ ਵਿਚ ਤਦਾਨੁਸਾਰ ਲੋਕ-ਗੀਤਾਂ ਲਈ ਨਿਮਨ-ਸਾਹਿਤ ਸ਼ਬਦ ਹੀ ਵਰਤਿਆ ਜਾਵੇਗਾ। ਤੇ ਸ਼ਾਇਦ ਇਹ ਦੁਹਰਾਣਾ ਵੀ ਅਯੋਗ ਨਾ ਹੋਵੇ ਕਿ ਲੋਕ-ਗੀਤ ਨਿਮਨ-ਸਾਹਿਤ ਇਸ ਲਈ ਹਨ ਕਿ ਉਹ ਮਨੁਖੀ ਵੇਦਨਾ ਦਾ ਕੇਵਲ ਭਾਵੁਕ ਤੇ ਉਹ ਵੀ ਛਣਿਕ ਅਭਿਵਿਅੰਜਨ ਹਨ। ਉਹਨਾਂ ਵਿਚ ਇਸ ਵੇਦਨਾ ਦੀ ਡੂੰਘਾਈ ਤੇ ਤੀਬਰਤਾ ਵਿਚ ਬੁੱਧੀ ਦਾ ਜੋਹਣ-ਜਾਚਣ ਨਹੀਂ ਹੁੰਦਾ. ਅਰਥਾਤ ਇਨ੍ਹਾਂ ਵਿਚ ਮਨੁੱਖ ਆਪਣੀਆਂ ਸਾਰੀਆਂ ਮਾਨਸਿਕ ਸ਼ਕਤੀਆਂ ਨਾਲ ਪ੍ਰਵਿਸ਼ਟ ਨਹੀਂ ਹੋਇਆ ਹੁੰਦਾ?"

ਬਹੁਤ ਸਾਰੀ ਸਾਹਿਤਕ-ਕਵਿਤਾ ਜਿਸ ਦੀ ਵਾਹ ਵਾਹ ਚਰਚਾ ਹੋਈ ਹੈ, ਅਸਲ 'ਚ 'ਛਣਿਕ ਅਭਿਵਿਅੰਜਨ' ਹੀ ਹੈ। ਉਦਾਹਰਣ ਦੇ ਤੌਰ 'ਤੇ ਅੰਮ੍ਰਿਤਾ ਪ੍ਰੀਤਮ ਦੀ ਸੁਪ੍ਰਸਿੱਧ ਕਵਿਤਾ "ਅੱਜ ਆਖਾਂ ਵਾਰਿਸ ਸ਼ਾਹ ਨੂੰ" ਜਾਂ ਹਰਿਭਜਨ ਸਿੰਘ ਦੀ "ਵਰਾਨ ਹੋਈ ਰਾਤ" ਦੇਸ਼ ਵਿਚ ਵਾਪਰੇ ਦੁਖਾਂਤ ਦਾ 'ਛਣਿਕ ਅਭਿਵਿਅੰਜਨ' ਹੀ ਹਨ ਤੇ ਭਾਵੁਕਤਾ ਦੋਹਾਂ ਦੇ ਮੋਢਿਆਂ 'ਤੇ ਸਵਾਰ ਹੈ। ਤੇ ਕਵਿਤਾ ਵਿਚ ਭਾਵੁਕਤਾ ਐਨੀ ਨਿੰਦਨੀ ਸ਼ੈਅ ਵੀ ਤਾਂ ਨਹੀਂ। ਕਵੀ ਇਕ ਪਲ ਹੰਢਾਉਂਦਾ ਹੈ ਜਿਸ ਨੂੰ ਉਹ ਦੂਜੇ ਪਲ ਕਵਿਤਾ ਦਾ ਜਾਮਾ ਪੁਆ ਦਿੰਦਾ ਹੈ ਜਿਵੇਂ ਕਾਲਰੇਜ ਦੀ ਜਗਤ ਪ੍ਰਸਿਧ ਕਵਿਤਾ 'ਕੁਬਲਾ ਖਾਂ' ਨਾਲ ਹੋਇਆ।

ਇਸੇ ਤਰ੍ਹਾਂ ਤਰ੍ਹਾਂ ਲੋਕ-ਗੀਤ ਵੀ 'ਛਣਿਕ ਅਭਿਵਿਅੰਜਨ' ਦਾ ਲੇਬਲ ਲੁਆ ਸਕਦੇ ਹਨ। ਲੋਕ-ਗੀਤਾਂ ਉਪਰ ਸਾਮੂਹਿਕਤਾ ਦੀ ਛਾਪ ਲੱਗੀ ਹੋਈ ਹੁੰਦੀ ਹੈ। ਇਹ ਗੱਲ ਕਦਾਚਿਤ ਨਹੀਂ ਮੰਨੀ ਜਾ ਸਕਦੀ ਕਿ ਲੋਕ-ਗੀਤਾਂ ਵਿਚ 'ਮਨੁਖ ਆਪਣੀਆਂ ਸਾਰੀਆ ਮਾਨਸਿਕ ਸ਼ਕਤੀਆਂ ਨਾਲ ਪ੍ਰਵਿਸ਼ਟ ਨਹੀਂ ਹੋਇਆ ਹੁੰਦਾ।' ਲੋਕ-ਗੀਤਾਂ ਵਿਚ ਗਮੀ-ਖੁਸ਼ੀ, ਸੰਜੋਗ-ਵਿਜੋਗ ਤੇ ਜ਼ਿੰਦਗੀ ਦੇ ਹਰ ਪੱਖ ਬਾਰੇ "ਵੇਦਨਾ ਦੀ ਡੂੰਘਾਈ ਤੇ ਤੀਬਰਤਾ" ਪ੍ਰਦਰਸ਼ਿਤ ਹੋ ਆਉਂਦੀ ਹੈ। ਉਦਾਹਰਨ ਲਈ ਯਾਰੀ ਲਈ ਸੁਹਿਰਦਤਾ ਤੇ ਤੀਬਰਤਾ ਇਨ੍ਹਾਂ ਗੀਤਾਂ ਵਿਚ ਪ੍ਰਗਟ ਹੈ:

ਕੁੱਲੀ ਯਾਰ ਦੀ ਸੁਰਗ ਦਾ ਝੂਟਾ
ਅੱਗ ਲਾਵਾਂ ਮੰਦਰਾਂ ਨੂੰ।

ਜਿੰਦ ਯਾਰ ਦੇ ਬੂਹੇ 'ਤੇ ਨਿਕਲੇ
ਸੁਰਗਾਂ ਨੂੰ ਜਾਣ ਹੱਡੀਆਂ।

ਇਸੇ ਤਰ੍ਹਾਂ ਦੇ ਵਿਚਾਰ ਗੁਰੂ ਗੋਬਿੰਦ ਸਿੰਘ ਨੇ ਆਪਣੀ ਸੁਪ੍ਰਸਿੱਧ ਰਚਨਾ ਵਿਚ ਅਕਿਤ ਕੀਤੇ ਹਨ :

ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।

ਮੈਂ ਤਾਂ ਇਸ ਹੱਦ ਤੀਕ ਜਾਵਾਂਗਾ ਕਿ ਲੋਕ-ਗੀਤਾਂ ਵਿਚ ਮਨੁਖੀ ਜਜ਼ਬਾ ਤੇ ਵੇਦਨਾ ਕੁਟ ਕੁਟ ਕੇ ਭਰਿਆ ਹੁੰਦਾ ਹੈ। ਲੋਕ-ਗੀਤਾਂ ਵਿਚ ਜਜ਼ਬੇ ਦੀ ਸੁਹਿਰਦਤਾ ਦੇ ਨਾਲ ਨਾਲ ਡੂੰਘਾਈ ਤੇ ਤੀਬਰਤਾ ਦੇ ਥਾਉਂ ਥਾਈਂ ਦਰਸ਼ਨ ਹੁੰਦੇ ਹਨ। ਲੋਕ-ਗੀਤ ਕਿਸੇ ਸਮਾਜ ਨੂੰ ਜਾਨਣ ਲਈ ਸ਼ੀਸ਼ੇ ਦਾ ਕੰਮ ਦਿੰਦੇ ਹਨ ਜਿਵੇਂ ਜਗੀਰਦਾਰੀ ਯੁਗ ਦੇ ਲੋਕ-ਗੀਤਾਂ ਵਿਚੋਂ ਉਸ ਸਮੇਂ ਦੀ ਤਸਵੀਰ ਸਾਫ ਦਿਖਾਈ ਦੇ ਜਾਂਦੀ ਹੈ। ਗੱਲ ਲੰਮੇਰੀ ਹੋ ਜਾਣ ਦੇ ਡਰੋਂ ਜ਼ਿਆਦਾ ਟੂਕਾਂ ਨਹੀਂ ਦੇ ਰਿਹਾ।

"Folk art is an art that grows and changes. It is an art of deep human values and always contemporaneous in its grasp of life, an art of fine subtlety and impressive formal qualities......but that was created in response to the needs of the people in the folk community.... It is the most contemporary of the art cultures, in the sense of meeting the most immediate needs of the people whom it serves, and is often the most political."

ਇਥੇ ਲੋਕ-ਧਾਰਾ ਦੀ ਮਹੱਤਤਾ ਸਾਫ਼ ਦਰਸਾਈ ਗਈ ਜਾਪਦੀ ਹੈ। ਲੋਕ-ਗੀਤਾਂ ਵਿਚ ਸਮੁੱਚਾ ਮਨੁੱਖ ਪ੍ਰਵਿਸ਼ਟ ਹੁੰਦਾ ਹੈ। ਲੋਕ-ਗੀਤਾਂ ਰਾਹੀਂ ਆਪਣੇ ਵਿਰਸੇ ਨੂੰ ਅਸੀਂ ਨਾਲ ਲਈ ਫਿਰਦੇ ਹਾਂ। ਯੂਨੀਵਰਸਿਟੀਆਂ ਵਿਚ Folk-lore (ਲੋਕ-ਧਾਰਾ) ਵਿਭਾਗਾਂ ਦੇ ਖੁਲ੍ਹ ਜਾਣ ਦਾ ਮਤਲਬ ਇਸ ਪੱਖ ਨੂੰ ਮਹੱਤਤਾ ਮਿਲਣਾ ਹੈ।

ਲੋਕ-ਗੀਤ ਕਵਿਤਾ (ਸਾਹਿਤਕ) ਵਾਂਗ 'lava of imagination' ਹੁੰਦੇ ਹਨ। ਲੋਕ-ਗੀਤ ਕਵਿਤਾ ਵਾਂਗ ਹੀ 'criticism of life' ਹੁੰਦੇ ਹਨ। ਲੋਕ-ਗੀਤਾਂ ਬਿਨਾਂ ਆਮ ਲੋਕਾਂ ਦਾ ਜੀਵਨ ਨੀਰਸ ਹੋ ਸਕਦਾ ਹੈ। ਆਪਣੀਆਂ ਖੁਸ਼ੀਆਂ-ਗ਼ਮੀਆਂ ਲੋਕ-ਗੀਤਾਂ ਦੁਆਰਾ ਨੱਚ-ਟੱਪ-ਕੇ ਜਾਂ ਰੋ ਧੋ ਕੇ ਲੋਕੀਂ ਪੇਸ਼ ਕਰਦੇ ਹਨ।

ਲੋਕ-ਗੀਤ ਸਾਡੀ ਜਿੰਦ ਜਾਨ ਹਨ (ਸੇਖੋਂ ਸਾਹਿਬ ਨੂੰ ਇਹ ਵੀ ਭਾਵੁਕਤਾ ਹੀ ਜਾਪੇਗੀ)। ਜੇ ਮੈਂ ਇਹ ਕਹਾਂ ਕਿ ਸਾਡੀ ਆਧੁਨਿਕ ਕਵਿਤਾ ਜਿਸ ਨੂੰ 'ਸੁੱਚੇ ਸਾਹਿਤ' ਦੇ ਪਿੜ ਵਿਚ ਰਖਿਆ ਜਾਂਦਾ ਹੈ, ਵਿਚਲੀ ਬਹੁਤੀ ਕਵਿਤਾ, ਕਵਿਤਾ ਦਾ ਲੇਬਲ ਨਹੀਂ ਲਗਵਾ ਸਕਦੀ। ਜਾਂ ਤਾਂ ਉਸ ਵਿਚ ਨਿਰੀ ਮਾਨਸਿਕਤਾ ਭਾਰੂ ਹੈ, ਜਾਂ ਸ਼ਾਬਦਿਕ ਕਲਾਬਾਜ਼ੀਆਂ (Acrobatics) ਹਨ ਜਾਂ ਫਿਰ ਊਲਜਲੂਲਤਾ ਤੇ ਪਤਾ ਨਹੀਂ ਹੋਰ ਕੀ ਕੀ। ਚੰਗੇ-ਮਾੜੇ ਟੇਸਟਾਂ ਦੇ ਲੋਕਾਂ ਦਾ ਰਚਿਆ ਸਾਹਿਤ ਵੀ ਉਸੇ ਤਰ੍ਹਾਂ ਦਾ ਹੋਵੇਗਾ। ਬਿਲਕੁਲ ਇਸੇ ਤਰ੍ਹਾਂ ਕੁਝ ਲੋਕ-ਗੀਤ ਵੀ ਨਿਮਨ ਪੱਧਰ ਦੇ ਹੋ ਸਕਦੇ ਹਨ ਪਰ ਸਾਰੇ ਨਹੀਂ।

---

## ਆਪਣੇ ਆਲੋਚਕ ਨੂੰ/ਗੁਰਚਰਨ ਸਿੰਘ ਸਹਿੰਸਰਾ

'ਸਿਰਜਣਾ' ਦੇ 24 ਨੰਬਰ ਪਰਚੇ ਵਿਚ ਬਲਜੀਤ ਬਾਸੀ ਨੇ ਰੀਵਿਊ ਦੇ ਸਿਰਲੇਖ ਹੇਠ 'ਇਤਿਹਾਸਕ ਪਦਾਰਥਵਾਦੀ ਆਲੋਚਨਾ' ਨਾਮੀ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹ ਵਿਚਾਰ ਇਸ ਤਰ੍ਹਾਂ ਦੇ ਹਨ, ਜਿਸ ਤਰ੍ਹਾਂ ਕੋਈ ਅਪੋਜ਼ੀਸ਼ਨ ਦਾ ਲੀਡਰ ਵਿਰੋਧੀ ਧਿਰ ਦੀਆਂ ਖੂਬੀਆਂ ਨੂੰ ਵੀ ਖਾਮੀਆਂ ਬਣਾ ਕੇ ਪੇਸ਼ ਕਰਦਾ ਹੋਵੇ। ਰੀਵਿਊਕਾਰੀ ਤਾਂ ਇਹ ਝਾਤ ਮਾਰਨਾ ਹੁੰਦਾ ਹੈ ਕਿ ਦਰਪੇਸ਼ ਰਚਨਾ ਦਾ ਵਿਸ਼ਾ ਕੀ ਹੈ ਤੇ ਏਸ ਨੂੰ ਉਹ ਕਿਹੋ ਜਿਹਾ ਨਿਭਾ ਗਿਆ ਹੈ, ਕਿਹੜੀਆਂ ਖੂਬੀਆਂ ਪੇਸ਼ ਕਰ ਗਿਆ ਹੈ ਤੇ ਕਿਥੇ ਕਿਥੇ ਔਝੜੇ ਪੈ ਗਿਆ ਹੈ, ਜਿਥੋਂ ਲੇਖਕ ਨੂੰ ਕੋਈ ਸਬਕ ਹੱਥ ਆਉਂਦਾ ਹੈ। ਪਰ ਬਾਸੀ ਦੇ ਰੀਵਿਊ ਦੇ ਨਾਂ ਹੇਠ ਏਸ ਲੇਖ ਵਿਚ ਰੀਵਿਊ ਵਾਲੀ ਤਾਂ ਕੋਈ ਗੱਲ ਨਹੀਂ ਲੱਭਦੀ। ਉਹ ਵਿਸ਼ੇ ਦੀ ਪੇਸ਼ਕਾਰੀ ਤੇ ਇਸ ਦੀਆਂ ਖੂਬੀਆਂ ਵੱਲ ਤਾਂ ਗਿਆ ਹੀ ਨਹੀਂ, ਉਸ ਨੇ ਅਜਿਹੀਆਂ ਕੁਣਸਾਂ ਕੱਢੀਆਂ ਹਨ ਜਿਨ੍ਹਾਂ ਤੋਂ ਜਾਪਦਾ ਹੈ ਕਿ ਉਸ ਦੇ ਪੱਲੇ ਮਾਰਕਸਵਾਦ ਦਾ ਗਿਆਨ ਹੈ ਹੀ ਨਹੀਂ, ਸਗੋਂ ਉਸ ਤੋਂ ਘਿਰਨਾ ਕਰਦਾ ਹੈ।

ਉਸ ਦੀ ਪਹਿਲੀ ਕੁਣਸ ਹੈ ਕਿ "ਸਹਿੰਸਰਾ ਨੇ ਆਲੋਚਨਾ ਦੇ ਗੰਭੀਰ ਗੈਰ-ਮਾਰਕਸਵਾਦੀ ਹਲਕਿਆਂ ਨਾਲ ਕੋਈ ਤਾਰਕਿਕ ਸੰਵਾਦ ਨਹੀਂ ਛੇੜਿਆ—ਤੇ ਹੋਰ ਸਨਾਤਨੀ ਭਾਰਤੀ ਆਲੋਚਨਾ ਵਿਧੀਆਂ ਨੂੰ ਬਿਨਾਂ ਦਲੀਲੋਂ ਰੱਦ ਕਰ ਦਿਤਾ ਹੈ।"

ਜੇ ਬਾਸੀ ਨੇ ਕਿਤਾਬ ਪੜ੍ਹ ਕੇ ਵਾਚੀ ਹੁੰਦੀ ਤਾਂ ਪਤਾ ਲਗਦਾ ਕਿ ਏਸ ਦਾ ਸਾਰਾ ਵਿਸ਼ਾ ਭਰਿਆ ਹੀ ਦਲੀਲਾਂ ਨਾਲ ਹੋਇਆ ਹੈ, ਜਿਨ੍ਹਾਂ ਤੋਂ ਬਾਸੀ ਦੀਆਂ "ਹੋਰ ਸਨਾਤਨੀ ਭਾਰਤੀ ਆਲੋਚਨਾ ਵਿਧੀਆਂ ਨਾਲ ਤਾਰਕਿਕ ਸੰਵਾਦ" ਰਿਸ ਰਿਸ ਪੈਂਦਾ ਹੈ। ਰਚਨਾ ਦਾ ਵਿਸ਼ਾ ਹੀ ਮਾਰਕਸੀ ਵਿਧੀ ਨੂੰ ਸਪਸ਼ਟਣਾ ਤੇ ਸਾਹਿਤਕ ਲਹਿਰਾਂ ਉਤੇ ਲਾਗੂ ਕਰਨਾ ਹੈ, ਜਿਸ ਨਾਲ ਬਾਸੀ ਦੀਆਂ "ਸਨਾਤਨੀ ਭਾਰਤੀ ਵਿਧੀਆਂ' ਆਪਣੇ ਆਪ ਹੀ ਸੰਵਾਦੀਆਂ ਜਾਂਦੀਆਂ ਹਨ।

ਅੱਗੇ ਹੋਰ :—"ਸਹਿੰਸਰਾ ਸਾਹਿੱਤ ਨੂੰ ਪ੍ਰਗਤੀ-ਸ਼ੀਲ ਲਕਸ਼ਾਂ ਦਾ ਪੂਰਕ ਮਿਥ ਲੈਂਦਾ ਹੈ।" ਏਥੇ ਵੀ ਬਾਸੀ ਰਚਨਾ ਨੂੰ ਸਮਝਣ ਤੋਂ ਅਸਮਰਥ ਰਿਹਾ ਹੈ ਤੇ ਆਪਣਾ ਅੰਤਰਮੁਖੀ ਵਾਕ ਕਹਿ ਗਿਆ ਹੈ। ਰਚਨਾ ਵਿਚ ਕੋਈ ਸ਼ੈ ਵੀ ਮਿਥੀ ਨਹੀਂ ਗਈ। ਨਾਨਕ, ਗੋਬਿੰਦ, ਸੂਫੀ, ਵੀਰ ਸਿੰਘ ਤੇ ਆਪਣੀ ਸਦੀ ਦੇ ਹੋਰ ਪ੍ਰਤੀਨਿਧ ਸਾਹਿੱਤ ਦਾ ਵਿਸਥਾਰ ਪੂਰਵਕ ਇਤਿਹਾਸਕ ਵਿਧੀ ਨਾਲ ਪਦਾਰਥਕ ਨਿਤਾਰਾ ਕੀਤਾ ਗਿਆ ਹੈ ਤੇ ਦਲੀਲਾਂ ਨਾਲ ਇਹ ਨਿਤਾਰਾ ਪਰਮਾਣਿਆ ਗਿਆ ਹੈ, ਜੋ ਸਿੱਧ ਹੋਇਆ ਸਿਧਾਂਤ ਅਖਵਾਏਗਾ, ਬਾਸੀ ਦੀ "ਮਿਥ" ਨਹੀਂ। ਰਚਨਾ ਦੀਆਂ ਇਤਿਹਾਸਕ ਪਦਾਰਥਵਾਦੀ ਦਲੀਲਾਂ ਤੋਂ ਬਾਸੀ ਬਹੁਤ ਦੁਖੀ ਹੋਇਆ ਜਾਪਦਾ ਹੈ। ਏਸ ਵਿਧੀ ਤੋਂ ਆਪ ਦੀ ਉਪਰਾਮਤਾ ਵਿਖਾਉਣ ਲਈ ਲਿਖਦਾ ਹੈ, "ਸਹਿੰਸਰਾ ਸਾਹਿਤਕ ਨਾਲੋਂ ਇਤਿਹਾਸਕ ਚਿੰਤਨ ਦੀ ਵਧੇਰੇ ਸੇਵਾ ਕਰ ਰਿਹਾ ਹੈ। ਰਚਨਾ ਤਾਂ ਇਤਿਹਾਸਕ ਦਲੀਲਾਂ ਨਾਲ ਸਾਹਿੱਤ ਦੀ ਸੇਵਾ ਕਰਦੀ ਹੈ ਤੇ ਬਾਸੀ ਉਲਟਾ ਪੰਜਾਬੀ ਦੀ ਓਸ ਲੋਕ ਕਥਾ ਦਾ ਪਾਤਰ ਬਣ ਗਿਆ ਹੈ, ਜਿਸ ਵਿਚ ਇਕ ਪਿੰਡ ਸਾਰੀ ਰਾਤ ਰਾਮ ਲੀਲਾ ਹੁੰਦੀ ਰਹੀ, ਸਵੇਰੇ ਇਕ ਜਣਾ ਆਪ ਦੇ ਦੋਸਤ ਨੂੰ ਕਹਿਣ ਲਗਾ, ਕਿ "ਰਾਤੀਂ ਹੀਰ ਰਾਂਝੇ ਦਾ ਸਾਂਗ ਚੰਗਾ ਨਹੀਂ ਲੱਗਾ।" ਜਿਸ ਤਰ੍ਹਾਂ ਸਭ ਕੁਝ ਵੇਖ ਕੇ ਵੀ ਉਸ ਦਰਸ਼ਕ ਨੂੰ ਰਾਮ ਲੀਲਾ ਦਾ ਪਤਾ ਨਹੀਂ ਲੱਗਾ, ਓਸੇ ਤਰ੍ਹਾਂ ਬਾਸੀ ਨੂੰ ਏਸ ਰਚਨਾ ਦਾ ਪੜ੍ਹ ਕੇ ਵੀ ਪਤਾ ਨਹੀਂ ਲੱਗਾ, ਜੋ ਮਾਰਕਸੀ ਵਿਧੀ ਨਾਲ ਪੰਜਾਬੀ ਸਾਹਿੱਤ ਨੂੰ ਵਿਸ਼ਲੇਸ਼ਦੀ ਤੇ ਆਲੋਚਦੀ ਹੈ। ਜੇ ਉਸ ਨੂੰ ਏਸ ਵਿਧੀ ਦਾ ਰੱਤੀ ਮਾਸਾ ਵੀ ਗਿਆਨ ਹੁੰਦਾ ਤਾਂ ਉਹ ਇਤਿਹਾਸਕ ਪਰਮਾਣਾਂ ਤੋਂ ਸੌੜਾ ਨ ਪੈਂਦਾ। ਮਾਰਕਸਵਾਦ ਤਾਂ ਹੈ ਹੀ ਇਤਿਹਾਸਕ ਪਦਾਰਥਵਾਦ, ਜੋ ਇਸ ਤੱਥ ਨੂੰ ਸਿੱਧ ਕਰਦਾ ਹੈ,

ਕਿ ਸਮਾਜ ਤੇ ਏਸ ਦੀਆਂ ਹਰ ਪ੍ਰਕਾਰ ਦੀਆਂ ਦਿਮਾਗੀ ਸੋਚਾਂ ਤੇ ਸਰੀਰੀ ਕਰਨੀਆਂ, ਰਚਨਾਵਾਂ ਤੇ ਬਤੀਤਾਂ ਇਤਿਹਾਸਕ ਪਦਾਰਥਵਾਦੀ ਕਾਨੂੰਨਾਂ ਅਨੁਸਾਰ ਹੀ ਹੋਈਆਂ, ਹੁੰਦੀਆਂ ਤੇ ਹੋ ਰਹੀਆਂ ਹਨ। ਇਹ ਤੱਥ ਤਾਂ ਹੁਣ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵਿਚ ਵੀ ਮੰਨਿਆ ਜਾਣ ਲੱਗ ਪਿਆ ਹੈ, ਜਿਥੋਂ ਬਾਸੀ "ਰੀਵਿਊਕਾਰੀ" ਸਿੱਖ ਕੇ ਪਾਸ ਹੋਇਆ ਹੈ। ਇਤਿਹਾਸਕ ਪਦਾਰਥਵਾਦੀ ਵਿਧੀ ਹੀ ਸਾਹਿੱਤ ਦੇ ਨਿਰਾਸ਼ਮਈ ਜਾਂ ਵਿਗਾਸਮਈ, ਯਥਾਰਥੀ ਜਾ ਹਵਾਈ, ਲੋਕ ਹਿਤੂ ਜਾਂ ਲੋਕ ਵੈਰੀ ਹੋਣ ਦਾ ਸਹੀ ਸਹੀ ਨਿਰਨਾ ਕਰਦੀ ਹੈ। ਇਹ ਨਿਰਨਾ ਕਢਣ ਲਈ ਸਾਹਿੱਤ ਦੇ ਸਮਕਾਲ (ਇਤਿਹਾਸ) ਵਿਚ ਜਾਣਾ ਲਾਜ਼ਮੀ ਸ਼ਰਤ ਹੈ। ਰਚਨਾ ਵਿਚ ਵਡ-ਵਡੇਰੇ ਤੇ ਏਸ ਸਦੀ ਦੇ ਪ੍ਰਤੀਨਿਧ ਸਾਹਿਤ ਨੂੰ ਇਤਿਹਾਸਕ ਖੱਟ 'ਤੇ ਵਿਛਾ ਹੀ ਵਿਸ਼ਲੇਸ਼ਿਆ ਤੇ ਆਲੋਚਿਆ ਗਿਆ ਹੈ। ਇਤਿਹਾਸਕ ਹਵਾਲਿਆਂ ਤੋਂ ਮਾਰਕਸਵਾਦ ਵਿਰੋਧੀ ਆਲੋਚਕ ਹੀ ਔਖਾ ਹੋ ਸਕਦਾ ਹੈ, ਬਾਸੀ ਵਰਗੇ ਮਾਰਕਸੀ ਹਲਕਿਆਂ ਦਾ ਨਿੱਘ ਤੇ ਸੁਖ ਮਾਣ ਰਹੇ ਜੀ ਨੂੰ ਤਾਂ ਨਹੀਂ ਹੋਣਾ ਚਾਹੀਦਾ ਸੀ। ਦਰਅਸਲ ਬਾਸੀ ਦਾ ਇਤਿਹਾਸਕ ਪਰਮਾਣਾਂ ਤੋਂ ਤੰਗ ਪੈਣ ਦਾ ਇਹ ਮਤਲਬ ਹੈ ਕਿ ਇਤਿਹਾਸਕ ਪਦਾਰਥਵਾਦੀ ਵਿਧੀ ਨਾਲ ਕਿਤਾਬ ਲਿਖਣੀ ਹੀ ਨਹੀਂ ਸੀ ਚਾਹੀਦੀ, ਕਿਉਂਕਿ ਇਹ "ਹੋਰ ਸਨਾਤਨੀ ਭਾਰਤੀ ਵਿਧੀਆਂ" ਨੂੰ ਕੱਖੋਂ ਹੋਲਿਆਂ ਕਰ ਦਿੰਦੀ ਹੈ, ਜੋ ਬਾਸੀ ਨੂੰ ਪਿਆਰੀਆਂ ਹਨ।

ਸਾਹਿੱਤ ਦਾ ਪਦਾਰਥਕ ਮੁੱਲ ਸਿਆਸਤ ਦੇ ਰੂਪ ਵਿਚ ਹੀ ਪਰਕਾਸ਼ਮਾਨ ਹੋਇਆ ਕਰਦਾ ਹੈ। ਸਿਆਸਤ ਦਾ ਕੰਮ ਹੈ, ਸਮਾਜ ਦੀ ਸਾਂਭਸੂਤ ਤੇ ਰਖ ਰਖਾਈ ਕਰੀ ਰਖਣਾ। ਇਤਿਹਾਸਕ ਪਦਾਰਥਵਾਦ ਹੀ ਸਾਹਿੱਤ ਦੇ ਸਮਕਾਲੀ ਸਿਆਸਤ ਉਤੇ ਅਸਰ ਜਾਂ ਪਰਭਾਵ ਦਾ ਨਿਤਾਰਾ ਕਰਦਾ ਹੈ। ਏਸ ਵਿਧੀ ਦੇ ਏਸ ਤੱਥ ਤੋਂ ਅਣਜਾਣ ਹੋਣ ਕਰਕੇ ਹੀ ਬਾਸੀ ਨੇ ਏਸ ਰਚਨਾ ਵਿਚ ਪੇਸ਼ ਕੀਤੇ ਗਏ ਸਿਆਸੀ ਨਿਤਾਰਿਆਂ 'ਤੇ ਨੱਕ ਚਾੜ੍ਹਿਆ ਹੈ ਤੇ ਇਨ੍ਹਾਂ ਨੂੰ "ਰਾਜਸੀ ਲਕਸ਼", "ਇਤਿਹਾਸਕ ਲਹਿਰਾਂ ਦੀ ਵਿਰਾਟ ਸੰਦਰਭ, "ਇਤਿਹਾਸਕ ਚਿੰਤਨ ਦੀ ਸੇਵਾ", "ਰਾਜਨੀਤਿਕ ਦਾਰਸ਼ਨਿਕ ਪਰਾਵਰਗ (ਕੈਟੇਗਰੀਆਂ)" ਆਦਿ ਸ਼ਬਦ ਵਰਤ ਕੇ ਝੇੜਾਂ ਕੀਤੀਆਂ ਹਨ।

ਅੱਗੇ ਚਲਕੇ ਉਹ ਏਸ ਵਿਧੀ ਦੀ ਪੇਸ਼ਕਾਰੀ ਨੂੰ "ਆਪਣੇ ਖੇਤਰ ਤੋਂ ਬਾਹਰਾ ਆਲੋਚਨਾਤਮਕ ਜਤਨ" ਦਸਦਾ ਹੈ। ਜਿਸਦਾ ਮਤਲਬ ਹੈ ਕਿ ਉਹ ਸਾਹਿਤ ਦੇ ਅਮਰੀਕੀ ਸਾਮਰਾਜੀ ਠੇਕੇਦਾਰਾਂ ਵਾਂਗ ਸਾਹਿਤ ਆਲੋਚਨਾ ਨੂੰ ਮਾਰਕਸਵਾਦੀ ਵਿਧੀ ਦਾ ਪਰਛਾਵਾਂ ਤਕ ਨਹੀਂ ਲਗਣ ਦੇਣਾ ਚਾਹੁੰਦਾ। ਤਦੇ ਤਾਂ ਏਸ ਤੋਂ ਅਗਲੀਆਂ ਲਾਈਨਾਂ ਵਿਚ ਕਰਤਾ ਦੀ 'ਮਾਨਸਿਕ ਬਣਤਰ' ਨੌਲਦਿਆਂ ਹੋਇਆਂ ਮਾਰਕਸਵਾਦ ਤੋਂ ਆਪਣੀ ਬੇਸਮਝੀ ਦੀ ਸਭ ਤੋਂ ਵੱਡੀ ਕੌੜ ਕਢਦਾ ਹੈ। ਲਿਖਦਾ ਹੈ, "ਮਹਿੰਸਰੇ ਨੇ ਮਾਰਕਸਵਾਦੀ ਦਵੰਦਵਾਦ (ਮੈਂ ਇਹ ਸ਼ਬਦ ਨਹੀਂ ਵਰਤਿਆ) ਪਦਾਰਥਵਾਦ, ਇਤਿਹਾਸਕ ਪਦਾਰਥਵਾਦ, ਡਾਇਲੈਕਟਿਕੀ ਆਦਿ ਪ੍ਰਾਵਰਗਾਂ (ਜਿਨ੍ਹਾਂ ਨੂੰ ਉਹ ਕੈਟੇਗਰੀਆਂ ਅਰਥਦਾ ਹੈ) ਨੂੰ ਸਮਾਨਾਰਥਕ ਅਰਥਾਂ ਵਿਚ ਵਰਤਕੇ ਲਗਪਗ ਰਲਗੱਡ ਹੀ ਕਰ ਦਿਤਾ ਹੈ"।

ਬਾਸੀ ਦੇ ਏਸ ਯੱਕੜ ਉਤੇ ਕਿਹੜਾ ਮਾਰਕਸਵਾਦ ਦਾ ਜਾਣੂ ਦੰਦਾਂ ਵਿਚ ਨਹੀਂ ਹੱਸੇਗਾ? ਏਸ 'ਰੀਵੀਊਕਾਰ' ਨੂੰ ਏਨਾ ਵੀ ਨਹੀਂ ਪਤਾ, ਕਿ ਇਹ ਚਾਰੇ ਸ਼ਬਦ ਕੈਟੇਗਰੀਆਂ (ਵੰਡਾਂ) ਨਹੀਂ ਹਨ; ਭਾਵ ਜੁਦਾ ਜੁਦਾ ਨਹੀਂ ਸਨ। ਇਹ ਇਕਸੇ ਸਾਇੰਸ ਵਿਧੀ ਦੇ ਨਾਂ ਹਨ। ਜਿਸ ਤਰ੍ਹਾਂ ਪਰਮੇਸ਼ਰ ਦੇ ਕਈ ਨਾਂ ਹਨ (ਵੇਖੋ "ਰੀਵੀਊ" ਦੀ ਦਾੜ੍ਹ ਹੇਠ ਆਈ ਕਿਤਾਬ, ਸਫ਼ਾ 9)। ਏਸ ਵਿਧੀ ਦੇ ਤਿੰਨ ਬੁਨਿਆਦੀ ਕਾਨੂੰਨ ਹਨ। ਫੇਰ ਅਗਾਂਹ ਇਹਨਾਂ ਕਾਨੂੰਨਾਂ ਦੀਆਂ ਕਈ ਕਈ ਹੋਰ ਮਦਾਂ (ਜਿਨ੍ਹਾਂ ਨੂੰ ਬਾਸੀ ਪ੍ਰਾਵਰਗ ਆਖਦਾ ਹੈ) ਹਨ। ਬਾਸੀ ਮੂਲ ਸਾਇੰਸ (ਡਾਇਲੈਕਟੀ ਪਦਾਰਥਵਾਦ) ਦੀ ਸਮਾਜ ਤੇ ਕੁਦਰਤ ਉਤੇ ਵਰਤੋਂ ਅਨੁਸਾਰ ਰੱਖੇ ਗਏ ਨਾਵਾਂ ਨੂੰ ਹੀ ਕੈਟੇਗਰੀਆਂ ਬਣਾ ਤੁਰਿਆ ਹੈ। ਚੰਗਾ ਹੁੰਦਾ ਬਾਸੀ ਆਪਣੀਆਂ ਕੈਟੇਗਰੀਆਂ ਦਾ ਇਕ ਦੂਜੇ ਤੋਂ ਨਿਖੇੜ ਦੱਸ

ਦਿੰਦਾ ਤਾਂ ਜੋ "ਰਲਗੱਡ" ਦੂਰ ਹੋ ਜਾਂਦੀ। ਪਰ "ਰਲਗੱਡ" ਤਾਂ ਬਾਸੀ ਦੇ ਮਾਰਕਸਵਾਦ ਨੂੰ ਨ ਸਮਝਣ ਦੇ "ਸਮਾਨਾਰਥ" ਕਰਕੇ ਹੈ, ਜੋ ਮੂਲ ਸਾਇੰਸ ਨੂੰ ਨਿਖੜਵੀਆਂ ਕੈਟੇਗਰੀਆਂ ਵਿਚ ਅਰਥਦਾ ਹੈ।

ਏਸੇ ਅਣਜਾਣਤਾ ਦਾ ਠੇਡਾ ਬਾਸੀ ਨੇ ਉਪਰ ਲਿਖੀ ਟੂਕ ਤੋਂ ਅਗਲੀ ਤੁਕ ਵਿਚ ਖਾਧਾ ਹੈ। "ਵਿਚਾਰਵਾਦ ਦੀ ਥਾਂ ਵਿਚਾਰਧਾਰਾ ਪਦ ਵਰਤਣਾ ਵੀ ਭੁਲੇਖਾ ਪਾਊ ਹੈ।" ਇਹ ਇਕ ਹੋਰ ਊਜ ਹੈ। ਏਸ ਰਚਨਾ ਵਿਚ ਵਿਚਾਰਵਾਦ ਦੀ ਥਾਂ ਵਿਚਾਰਧਾਰਾ ਕਿਤੇ ਨਹੀਂ ਵਰਤਿਆ ਗਿਆ। ਹਾਂ ! ਕਿਤੇ ਕਿਤੇ ਇਹਨਾਂ ਦੋਹਾਂ ਪਦਾਂ ਦੀ ਇਕੱਠੀ ਵਰਤੋਂ ਕੀਤੀ ਗਈ ਹੈ, ਜੋ ਪਰਸੰਗ ਅਨੁਸਾਰ ਜ਼ਰੂਰੀ ਸੀ, ਪਰ ਇਕ ਦੀ ਥਾਂ ਦੂਸਰੀ ਦੀ ਨਹੀਂ। ਇਹ ਘੋਰ ਗਲਤ ਬਿਆਨੀ ਹੈ।

ਭਾਈ ਵੀਰ ਸਿੰਘ ਵਾਲੇ ਲੇਖ ਉਤੇ ਤਾਂ ਬਾਸੀ ਨੇ ਚੀਫ ਖਾਲਸਾ ਦੀਵਾਨ ਦੇ ਪ੍ਰਾਪੇਗੰਡਾ ਸਕੱਤਰ ਭਾਗ ਸਿੰਘ ਅਣਖੀ ਨਾਲੋਂ ਵੀ ਵਧੇਰੇ ਗੁੱਸਾ ਕੀਤਾ ਹੈ। ਏਸ ਗੁੱਸੇ ਵਿਚ ਉਹ ਕਰਤਾ ਨੂੰ ਫੇਰ ਗਲਤ ਪੇਸ਼ ਕਰਨ ਤਕ ਚਲਾ ਗਿਆ ਹੈ। ਕਰਤਾ ਤਾਂ ਭਾਈ ਦੇ ਸਾਹਿਤ ਨੂੰ ਮੁਢ ਸ਼ੁਰੂ ਭਾਵ 19ਵੀਂ ਸਦੀ ਦੀ ਆਖਰੀ ਚੁਹਾਈ ਤੋਂ ਲੈ ਕੇ ਆਪਣੇ ਅੰਤ ਤਕ ਚੀਫ ਖਾਲਸਾ ਦੀਵਾਨ ਦੇ ਸਿਖ ਸਰਦਾਰਾਂ ਦੇ ਹਿਤ ਪੂਰਦਾ ਰਿਹਾ ਸਿਧ ਕਰਦਾ ਹੈ, ਜੋ 1947 ਤੋਂ ਪਹਿਲਾਂ ਅੰਗਰੇਜ਼ ਪ੍ਰਭੂ ਦੀ ਸੇਵਾ ਕਮਾਉਂਦਾ ਹੈ ਤੇ ਉਸਤੋਂ ਬਾਅਦ ਭਾਰਤ ਦੀ ਹਕੂਮਤ ਸਾਂਭ ਤੁਰੀ ਕਾਂਗਰਸ ਦੇ ਰੂਪ ਵਿਚ ਵਡੀ ਬੁਰਜੁਆਜ਼ੀ ਨੂੰ "ਸਾਈਆਂ ਜੀਉ" ਸੰਕਲਪਕੇ ਉਸਦੇ ਅੱਗੇ ਅਰਜ਼ੋਈਆਂ ਕਰਦਾ, ਲਿਹਲੜੀਆਂ ਲੈਂਦਾ, ਹਾੜੇ ਕਢਦਾ ਤੇ ਉਸ ਤੋਂ ਗਜਾ ਮੰਗਦਾ ਰਿਹਾ। ਜਦ ਕਿ ਬਾਸੀ ਨੇ ਭਾਈ ਸਾਹਿਤ ਨੂੰ "1920 ਤੋਂ ਬਾਅਦ ਚੀਫ਼ ਖਾਲਸਾ ਦੀਵਾਨ ਦੇ ਮਨੋਰਥਾਂ ਤੇ ਕਾਰਜ ਵਿਧੀ" ਨੂੰ ਪੂਰਦਾ ਦਸਿਆ ਹੈ। ਭਾਈ ਦੀ ਭਾਸ਼ਾ ਸੇਵਾ ਬਾਰੇ ਬਾਸੀ ਦਾ ਗਿਲਾਅ ਨਾਜਾਇਜ਼ ਹੈ, ਉਹ ਕਰਤਾ ਨੇ 136 ਸਫ਼ੇ ਉਤੇ ਬਿਆਨ ਕਰ ਦਿੱਤਾ ਹੋਇਆ ਹੈ, ਜਿਸ ਨੂੰ ਬਾਸੀ ਜਾਣ ਬੁਝ ਕੇ ਲੁਕਾ ਗਿਆ ਹੈ। ਇਹ ਵਤੀਰਾ ਬਾਸੀ ਦੀ ਦਿਆਨਤਦਾਰੀ ਉਤੇ ਸ਼ੱਕ ਪਾਉਂਦਾ ਹੈ।

ਬਾਕੀ; ਇਤਿਹਾਸ ਇਹ ਨਹੀਂ ਵੇਖਦਾ, ਕਿ ਕਿਸੇ ਲੇਖਕ ਨੇ ਆਪਣਾ ਸਾਹਿਤ ਕਿਸ ਸੁਹਜ ਜਾਂ ਕੁਹਜ ਨਾਲ ਰਚਿਆ ਹੈ। ਉਹ ਤਾਂ ਇਹ ਵੇਖਦਾ ਹੈ, ਕਿ ਉਸਦੇ ਸਾਹਿਤ ਨੇ ਇਤਿਹਾਸ ਦੇ ਕਿਹੜੇ ਯਥਾਰਥ ਨੂੰ ਪੇਸ਼ ਕੀਤਾ ਹੈ, ਚੰਗੇ ਨੂੰ ਜਾਂ ਮੰਦੇ ਨੂੰ, ਤੇ ਜਮਾਤਾਂ ਵਿਚ ਵੰਡੇ ਸਮਾਜ ਦੀ ਕਿਹੜੀ ਜਮਾਤ ਦੀ ਤਰਫਦਾਰੀ ਕੀਤੀ ਹੈ।

ਅਖੀਰ ਲਾਗੇ ਜਾਕੇ ਬਾਸੀ ਓਮ ਪਰਕਾਸ਼ ਗਾਸੋ ਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਆਦਿ ਲੇਖਕਾਂ ਨੂੰ ਅਗਾਂਹਵਧੂ ਨਿਰਨਾਉਣ ਉਤੇ ਭੁੜਕ ਡੰਡਿਓਂ ਪਾਰ ਹੋਇਆ ਹੈ ਤੇ ਏਸ ਨਿਰਨੇ ਨੂੰ "ਬਿਨਾਂ ਗਹਿਰ ਗੰਭੀਰ ਵਿਸ਼ਲੇਸ਼ਨ" ਦੱਸਕੇ ਕਰਤਾ 'ਤੇ "ਅੰਤਰਮੁਖਤਾ" ਦਾ ਥੱਬਾ ਦੇ ਮਾਰਿਆ ਹੈ।

ਕਰਤਾ ਲੜਲੱਗ ਲੇਖਕ ਹੈ, ਜੋ ਬਾਸੀ ਦੀਆਂ ਪਿਆਰੀਆਂ ਫਿਊਡਲ ਤੇ ਬੁਰਜੁਆ ਚਾਰੇ ਦੀਆਂ ਕਿਰਤਾਂ ਨੂੰ, ਜਿਨ੍ਹਾਂ ਨੂੰ ਉਹ "ਬਾਕੀ" ਆਖਦਾ ਹੈ, ਸਮੇਂ ਦੀ ਵਸਤੂ ਦੇ ਡਾਇਲੈਕਟਿਕਸ ਦਾ ਯਥਾਰਥ ਨਹੀਂ ਸਮਝਦਾ ਤਾਂ ਉਹ ਤਰਲੋਮਛੀ ਨ ਹੋਵੇ ਮਾਰਕਸੀ ਵਿਧੀ ਅਨੁਸਾਰ ਉਹ "ਬਾਕੀ" ਹੀ ਰਹੇਗਾ।

30 ਸਫ਼ੇ ਦਾ ਮੁਖ ਲੇਖ, ਜਿਸਨੂੰ ਬਾਸੀ ਹਿੰਦੀ ਪਰਸਤੀ ਦੇ ਲੋਰ ਵਿਚ "ਆਮੁਖ ਲੇਖ" ਕਹਿੰਦਾ ਹੈ, ਏਸੇ ਨਿਰਨੇ ਦੇ ਵਿਸ਼ਲੇਸ਼ਨ ਤੇ ਵਿਆਖਿਆ ਨਾਲ ਭਰਿਆ ਹੋਇਆ ਹੈ, ਜਿਸ ਵਿਚੋਂ ਬਾਸੀ "ਗਹਿਰ ਗੰਭੀਰਤਾ" ਲਭਣ ਤੋਂ ਅਸਮਰਥ ਰਿਹਾ ਹੈ ਤੇ ਐਡੀ ਵੱਡੀ ਵਿਸਥਾਰ ਪੂਰਵਕ

ਸਨਮੁਖਤਾ ਨੂੰ ਉਹ "ਅੰਤਰਮੁਖਤਾ" ਕਹੀ ਜਾਂਦਾ ਹੈ।

ਬਾਸੀ ਦੀ ਇਸ "ਰੀਵੀਊਕਾਰੀ" ਤੋਂ ਜਾਪਦਾ ਹੈ, ਕਿ ਬਾਸੀ ਨੂੰ ਏਸ ਕਿਤਾਬ ਦੇ ਵਿਸ਼ੇ, ਏਸ ਦੇ ਕਰਤਾ ਤੇ ਅੱਗੇ ਵਧੂ ਨਿਰਨਾਏ ਗਏ ਸਾਹਿਤਕਾਰਾਂ ਨਾਲ ਸਿਆਸੀ ਰੰਗਤ ਦੀ ਖਾਰ ਹੈ, ਜੋ ਇਸ "ਰੀਵੀਊ" ਦੇ ਅੱਖਰ ਅੱਖਰ ਤੋਂ ਡੰਗ ਮਾਰਦੀ ਹੈ।

ਅਖੀਰ ਵਿਚ ਉਸਨੇ ਇਹ ਸਰਟੀਫੀਕੇਟ ਦਿੱਤਾ ਹੈ ਕਿ "ਇਹ ਪੁਸਤਕ ਇਕ ਅਰਧ-ਸਾਹਿ-ਤਕ ਉਪਰਾਲਾ ਹੈ।" ਇਹ ਵੀ ਸ਼ੁਕਰ ਹੈ। ਚਲੋ ਅੱਧੀ ਸਹੀ !

—: 0 :—

**ਉੱਡਣ ਤੋਂ ਪਹਿਲਾਂ**/ਅਜੀਤ ਸਿੰਘ ਚੰਦਨ

ਉੱਡਣ ਤੋਂ ਪਹਿਲਾਂ ਆਪਣੇ ਪਰਾਂ ਨੂੰ ਤੋਲੋ
ਕਿ ਤੁਸੀਂ ਕਿੰਨਾ ਕੁ ਉੱਚਾ ਉੱਡ ਸਕਦੇ ਹੋ ?
ਕਿਤੇ ਇੰਜ ਨਾ ਹੋਵੇ ਕਿ ਤੁਸੀਂ ਆਪਣੀ ਮਿਥੀ ਉਡਾਣ
ਦੇ ਵਿਚਕਾਰੋਂ ਹੀ ਵਾਪਸ ਪਰਤ ਆਵੋ !

ਤੇ ਜਾਮ ਚੁੱਕਣ ਤੋਂ ਬਾਅਦ
ਆਪਣੀ ਛਾਤੀ 'ਤੇ ਹਥ ਰੱਖ ਕੇ
ਆਪਣਾ ਪਹਿਲਾ ਗੁਨਾਹ ਯਾਦ ਕਰੋ !
ਜਾਂ ਕਿਸੇ ਅਜਿਹੇ ਆਦਮੀ ਦਾ ਨਾਂ
ਆਪਣੇ ਬੁੱਲ੍ਹਾਂ 'ਤੇ ਲਿਆਵੋ
ਜੋ ਪੈਗੰਬਰ ਵਰਗਾ ਹੋਵੇ
ਜਿਵੇਂ ਸੁਕਰਾਤ, ਖ਼ਲੀਲ ਜਿਬਰਾਨ ਜਾਂ ਈਸਾ ਮਸੀਹ
ਪਰ ਜਦੋਂ ਤੱਕ ਤੁਸੀਂ ਦੂਜਾ ਜਾਮ ਨਹੀਂ ਪਾਉਂਦੇ
ਉਨਾ ਚਿਰ ਕੁਝ ਵੀ ਉਰਲ ਪਰਲ ਨਾ ਕਹੋ !
ਕਿਉਂਕਿ ਜਾਂ ਸ਼ਰਾਬ ਪਾਣੀ ਬਣ ਜਾਵੇਗੀ
ਜਾਂ ਜਾਮ ਟੁੱਟ ਜਾਵੇਗਾ—

ਪਰ ਇਨਸਾਨ ਦੀ ਜ਼ਬਾਨ ਕਦ ਰੁਕਦੀ ਹੈ
ਤੁਸੀਂ ਜ਼ਰੂਰ ਕਿਸੇ ਮਹਿਬੂਬ ਦਾ ਜ਼ਿਕਰ ਛੇੜੋਗੇ
ਜਾਂ ਉਂਜ ਹੀ ਹੌਕੇ ਭਰਨ ਦੇ ਅੰਦਾਜ਼ 'ਚ ਚੀਕ ਉਠੋਗੇ

ਪਰ ਮੇਰੇ ਯਾਰੋ !
ਨਾ ਮਹਿਬੂਬ ਦਾ ਜ਼ਿਕਰ ਛੇੜੋ
ਨਾ ਪੱਕੇ ਹੋਏ ਖਰੀਂਢ ਹੀ ਉਚੇੜੋ
ਸਿਰਫ਼ ਆਪਣੇ ਪਰਾਂ ਨੂੰ ਤੋਲੋ
ਤਾਂ ਕਿ ਤੁਸੀਂ ਹੋਰ ਉੱਚਾ ਉੱਡ ਸਕੋ !

[11, ਜਗਜੀਤ ਨਗਰ, ਪੱਖੋਵਾਲ ਰੋਡ, ਲੁਧਿਆਣਾ]

## ਪਤਝੜ ਮਾਰੇ [ਸੁਰਿੰਦਰ ਰਾਮਪੁਰੀ]

'ਪਤਝੜ ਮਾਰੇ' ਸੁਰਿੰਦਰ ਰਾਮਪੁਰੀ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। (ਅਜੰਤਾ ਪ੍ਰਕਾਸ਼ਨ, ਕੋਟ ਮਿਤ ਸਿੰਘ ਅੰਮ੍ਰਿਤਸਰ, ਪੰਨੇ 94, ਕੀਮਤ ਸਾਢੇ ਛੇ ਰੁਪਏ) ਇਸ ਸੰਗ੍ਰਹਿ ਵਿਚ ਤੇਰਾਂ ਕਹਾਣੀਆਂ ਸ਼ਾਮਿਲ ਹਨ। ਜੇ ਅਸੀਂ ਸਾਹਿਤ ਸਿਰਜਣਾ ਵਿਚ ਅਭਿਆਸ ਦੀ ਖਾਸ ਥਾਂ ਮੰਨਦੇ ਹਾਂ ਤਾਂ ਸਾਨੂੰ ਇਸ ਸੰਗ੍ਰਹਿ ਨੂੰ ਲੇਖਕ ਦੀ ਪਹਿਲੀ ਕਿਰਤ ਹੋਣ ਕਰਕੇ ਇਸ ਪ੍ਰਤੀ ਉਦਾਰ ਦਿਲੀ ਵਾਲਾ ਵਤੀਰਾ ਧਾਰਨ ਕਰਨਾ ਚਾਹੀਦਾ ਹੈ। ਪਰ ਅਸੀਂ ਅਜਿਹਾ ਨਹੀਂ ਕਰਾਂਗੇ।

ਸਰਸਰੀ ਨਜ਼ਰ ਨਾਲ ਇਹ ਸਾਰੀਆਂ ਕਹਾਣੀਆਂ ਰਵਾਇਤੀ ਅਨੁਭਵ ਦੀ ਉਪਜ ਹਨ। ਇਸ ਅਨੁਭਵ ਦੀਆਂ ਕਹਾਣੀਆਂ ਪੰਜਾਬੀ ਸਾਹਿਤ ਵਿਚ ਪਹਿਲੇ ਹੀ ਉਪਲਬਧ ਹਨ। ਸਾਹਿਤ ਵਿਚ ਵਸਤੂ ਦਾ ਦੁਹਰਾਉ ਅਕਸਰ ਹੁੰਦਾ ਰਹਿੰਦਾ ਹੈ, ਪਰ ਅਨੁਭਵ ਦਾ ਨਹੀਂ, ਕਿਉਂਕਿ ਹਰ ਸਾਹਿਤਕਾਰ ਦਾ ਵਿਅਕਤੀਗਤ ਅਨੁਭਵ ਇਕੋ ਵਸਤੂ ਨੂੰ ਵੱਖੋ ਵੱਖਰੇ ਦ੍ਰਿਸ਼ਟੀਕੋਣ ਤੋਂ ਵੱਖੋ ਵੱਖਰੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਕੋ ਵਸਤੂ ਅਨੁਭਵ ਦੀਆਂ ਅਨੇਕ ਵੰਨ ਸੁਵੰਨੀਆਂ ਪਰਤਾਂ ਉਤੇ ਪੇਸ਼ ਹੋ ਜਾਂਦੀ ਹੈ। ਅਨੁਭਵ ਦਾ ਦੁਹਰਾਉ ਵਿਅਕਤੀਗਤ ਪ੍ਰਤਿਭਾ ਦੇ ਹਾਂ-ਵਾਚਕ ਹੋਣ ਦਾ ਸੂਚਕ ਨਹੀਂ ਹੈ। ਅਨੁਭਵ ਦੀ ਮੌਲਿਕਤਾ ਕਲਾਤਮਕ ਕਿਰਤਾਂ ਦੀ ਜਿੰਦ ਜਾਨ ਹੈ। ਪਰ 'ਪਤਝੜ ਮਾਰੇ' ਦੀਆਂ ਸਾਰੀਆਂ ਕਹਾਣੀਆਂ ਦਾ ਅਨੁਭਵ ਰਵਾਇਤੀ ਅਥਵਾ ਪੇਤਲਾ ਹੈ। ਕਹਾਣੀਕਾਰ ਨੇ ਅਨੁਭਵ ਨੂੰ ਸਚਿਆਉਣ ਲਈ ਬਣੇ ਬਣਾਏ ਸਮਾਜਕ ਸਿਧਾਂਤਾਂ ਉਤੇ ਕਹਾਣੀ ਬਣਾਉਣ ਦਾ ਉਪਰਾਲਾ ਕੀਤਾ ਹੈ। ਸਿਧਾਤਾਂ ਤੇ ਸੂਤਰਾਂ ਅਨੁਸਾਰ ਕਹਾਣੀ ਨੂੰ ਮਿਥ ਕੇ ਪੇਸ਼ ਕੀਤਾ ਗਿਆ ਅਤੇ ਸਿੱਟੇ ਵਜੋਂ ਅਨੁਭਵ ਦੀ ਗਹਿਰਾਈ ਦਾ ਬਦਲ ਸੂਤਰ ਬਣ ਗਿਆ ਹੈ। ਇਹ ਸੂਤਰ ਵੀ ਕੋਈ ਗਹਿਰੇ ਦਾਰਸ਼ਨਿਕ ਸਿਧਾਂਤਾਂ ਦੀ ਉਪਜ ਨਹੀਂ ਸਗੋਂ ਸਮਾਜ ਦੇ ਸਰਬ ਪ੍ਰਵਾਣਿਤ ਜਹੇ ਨੇਮ ਹੀ ਹਨ।

ਉਦਾਹਰਣ ਵਜੋਂ ਪਹਿਲੀ ਕਹਾਣੀ 'ਪਤਝੜ ਮਾਰੇ' ਵਿਚ ਵਿਛੜੀ ਮਹਿਬੂਬ ਨੂੰ ਪੱਤਰ ਲਿਖਣ ਦੀ ਤਕਨੀਕ ਅਪਣਾ ਕੇ ਇਹ ਸੂਤਰ ਪੇਸ਼ ਕੀਤਾ ਹੈ ਕਿ ਘਰੇਲੂ ਥੁੜਾਂ ਅਤੇ ਆਰਥਿਕ ਤੰਗੀਆਂ ਜੁਆਨੀ ਦੇ ਪਿਆਰ ਨੂੰ ਸਿਰੇ ਨਹੀਂ ਚੜ੍ਹਨ ਦਿੰਦੀਆਂ। ਦੂਜੀ ਕਹਾਣੀ ਵਡਾਰੂ ਦਾ ਸੂਤਰ ਹੈ ਕਿ ਮੋਇਆਂ ਦੀ ਪੂਜਾ ਹੁੰਦੀ ਹੈ ਪਰ ਜਿਉਂਦੇ ਜੀ ਉਹ ਕੌੜੇ ਲਗਦੇ ਹਨ। ਤੀਜੀ ਕਹਾਣੀ 'ਵਕਤ ਤੋਂ ਖੁੰਝੇ' ਵਿਚ ਲਾਲਚੀ ਪਿਉ ਸਰਵਿਸ 'ਤੇ ਲੱਗੀ ਕਮਾਊ ਧੀ ਨੂੰ ਵਡੇਰੀ ਉਮਰ ਤਕ ਵਿਆਹੁੰਦਾ ਨਹੀਂ ਹੈ। ਢਲ ਰਹੀ ਸਰੀਰਕ ਸੁੰਦਰਤਾ ਦਾ ਅਹਿਸਾਸ ਤੇ ਸੰਸਾ ਉਸ ਨੂੰ ਮਾਰ ਰਿਹਾ ਹੈ ਆਖਰ ਉਹ ਰੋਹ ਦਾ ਪ੍ਰਗਟਾਵਾ ਕਰਦੀ ਹੈ। 'ਉਜਾੜ ਦਾ ਸਫ਼ਰ' ਵਿਚ ਮਨੁੱਖ ਦੇ ਇਕੱਲੇਪਨ (loneliness) ਦੇ ਅਹਿਸਾਸ ਦਾ ਪ੍ਰਗਟਾਉ ਹੈ (ਵਿਛੁੰਨੇ ਹੋਣ ਦਾ ਨਹੀਂ)। 'ਕੀਮਤਾਂ' ਕਹਾਣੀ ਦੱਸਦੀ ਹੈ ਕਿ ਬਿਲਕੁਲ ਮੱਝਾਂ ਵਾਂਗ ਔਰਤਾਂ ਵੀ ਵੇਚੀਆਂ ਜਾਂਦੀਆਂ ਹਨ। ਇਸੇ ਤਰ੍ਹਾਂ 'ਅਸਮਾਨ

ਕਹਾਣੀ ਦਾ ਸੂਤਰ ਹੈ ਕਿ ਚੰਦ ਸਿਕਿਆਂ ਬਦਲੇ ਨੌਜੁਆਨ ਧੀ ਅਸਮਤ ਦੀ ਅਸਮਤ ਲੁੱਟੀ ਜਾ ਰਹੀ ਹੈ। 'ਬੇਚੈਨੀ' ਕਹਾਣੀ ਦਾ ਸੂਤਰ ਹੈ ਕਿ ਬੇਰੁਜ਼ਗਾਰੀ ਬੇਚੈਨੀ ਪੈਦਾ ਕਰਦੀ ਹੈ । ਕਹਾਣੀ 'ਰਿਸ਼ਤਿਆਂ ਦੀ ਗੰਢ' ਇਹ ਸੂਤਰ ਨੂੰ ਦ੍ਰਿੜ ਕਰਦੀ ਹੈ ਕਿ ਪਰਿਵਾਰਕ ਜਿੰਮੇਵਾਰੀਆਂ ਦੀ ਗੰਢ ਇਕ ਅਜੇਹਾ ਭਾਰ ਹੈ ਜੋ ਚਾਹੁੰਦਿਆਂ ਹੋਇਆਂ ਵੀ ਲਾਹਿਆ ਨਹੀਂ ਜਾ ਸਕਦਾ । 'ਕਾਲੇ ਧੱਬੇ' ਕਹਾਣੀ ਇਸ ਸੂਤਰ ਉਤੇ ਉਸਾਰੀ ਗਈ ਹੈ ਕਿ ਸਰੀਰਕ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰਨ ਵਾਲਾ ਗਭਰੂ ਪਿਆਰ ਦੇ ਖੇਤਰ ਵਿਚ ਹਾਰ ਖਾ ਕੇ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ । ਚਮਕਦਾ ਸਿਤਾਰਾ ਸਮਾਜ ਦੀ ਚਿੱਟੀ ਚਾਦਰ ਉਤੇ ਕਾਲਾ ਧੱਬਾ ਬਣ ਜਾਂਦਾ ਹੈ। ਕਹਾਣੀ 'ਸਹਾਰਾ' ਇਸ ਸੂਤਰ ਉਤੇ ਉਸਰੀ ਹੈ ਕਿ ਪਤੀ ਭਾਵੇਂ ਜਿੰਨੇ ਮਰਜ਼ੀ ਨਸ਼ਿਆਂ ਦਾ ਆਦੀ ਹੋਵੇ ਉਹ ਆਪਣੀ ਪਤਨੀ ਲਈ ਸਹਾਰਾ ਜ਼ਰੂਰ ਹੈ।

ਕਿਸੇ ਕਹਾਣੀ ਨੂੰ ਸੂਤਰ ਦੇ ਆਧਾਰ ਉਤੇ ਉਸਾਰਨਾ ਨਿੰਦਾਜਨਕ ਨਹੀਂ ਹੈ ਪਰ ਇਸ ਸੂਤਰ ਨੂੰ ਉਸ ਦੇ ਹਾਣ ਦੇ ਅਨੁਭਵ ਵਿਚ ਗੁਜ਼ਾਰ ਕੇ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਇਸ ਦੇ ਹਾਣ ਦੀਆਂ ਸਥਿਤੀਆਂ ਦੀ ਸਿਰਜਣਾ ਹੋਣੀ ਚਾਹੀਦੀ ਹੈ ਕਿਉਂਕਿ ਕਹਾਣੀ ਵਿਚਲਾ ਅਨੁਭਵ ਹੀ ਉਸ ਦੀ ਮੌਲਿਕਤਾ ਹੁੰਦੀ ਹੈ। 'ਪਤਝੜ ਮਾਰੇ' ਦਾ ਕਹਾਣੀਕਾਰ ਰਵਾਇਤੀ ਵਸਤੂ ਦੀ ਚੋਣ ਕਰਨ ਉਪਰੰਤ, ਅਨੁਭਵ ਦੀ ਮੌਲਿਕਤਾ ਦੀ ਥਾਂ ਘੜੇ ਘੜਾਏ ਸੂਤਰਾਂ ਨੂੰ ਸਚਿਆਉਣ ਵਲ ਲਗ ਗਿਆ ਹੈ। ਨਤੀਜਾ ਇਹ ਨਿਕਲਿਆ ਕਿ ਕਹਾਣੀਆਂ ਵਿਚ ਸਥਿਤੀਆਂ ਤੇ ਪਾਤਰਾਂ ਦੇ ਚਿਤਰਨ ਦੀ ਥਾਂ ਸਾਰਾ ਧਿਆਨ ਪਹਿਲਾਂ ਕੀਤੇ ਫੈਸਲੇ ਨੂੰ ਸਿਧ ਕਰਨ ਉਤੇ ਕੇਂਦਰਿਤ ਹੋ ਗਿਆ ਹੈ।

ਇਸ ਸੂਤਰ ਆਧਾਰਿਤ ਕਹਾਣੀ ਘਾੜਤ ਨੇ ਸਧਾਰਨ ਸਥਿਤੀਆਂ ਦੇ ਉਪਭਾਵਕ ਪ੍ਰਗਟਾਉ ਨੂੰ ਜਨਮ ਦਿਤਾ ਹੈ। ਇਹ ਉਪਭਾਵਕਤਾ ਹੀ ਹੈ ਜੋ ਕਿਸੇ ਸਥਿਤੀ ਨੂੰ ਪੂਰੀ ਸ਼ਿੱਦਤ ਅਤੇ ਗਹਿਰਾਈ ਵਿਚੋਂ ਜੋਹਣ ਦੀ ਥਾਂ ਉਸ ਦੇ ਪੇਤਲੇ ਤੇ ਸਤਹੀ ਵਰਨਣ ਵਲ ਮੋੜ ਕਟਦੀ ਹੈ । ਕਹਾਣੀਕਾਰ ਨੇ ਚੁਣੀਆਂ ਸਥਿਤੀਆਂ ਅਤੇ ਪਾਤਰਾਂ ਵਿਚੋਂ ਵਿਸ਼ੇਸ਼ਤਾ ਤੇ ਸੂਖਮਤਾ ਵਾਲੇ ਅਰਥ ਨਹੀਂ ਕਢੇ ਸਗੋਂ ਸਤਹੀ ਵਰਨਣ ਦੀ ਬਿਰਤਾਂਤਕ ਸ਼ੈਲੀ ਨੇ ਗੰਭੀਰਤਾ ਤੇ ਵਿਸ਼ੇਸ਼ਤਾ ਵਲ ਜਾਣ ਦੀ ਬਜਾਏ ਕਾਵਿਕ ਫਿਕਰੇਬਾਜ਼ੀ ਦਾ ਰਾਹ ਚੁਣਨਾ ਵਧੇਰੇ ਠੀਕ ਸਮਝਿਆ ਹੈ । ਗਲਪ ਸਾਹਿਤ ਵਿਚ ਉਪਭਾਵਕਤਾ ਅਤੇ ਕਾਵਿਕਤਾ ਕਰੰਗੜੀ ਪਾ ਕੇ ਚਲਦੇ ਹਨ। ਇਹ ਗੱਲ ਮੈਂ ਇਸ ਕਹਾਣੀ ਸੰਗ੍ਰਹਿ ਦੇ ਆਧਾਰ ਉਤੇ ਹੀ ਕਹਿ ਰਿਹਾ ਹਾਂ। ਕਾਵਿਕ ਬਿਆਨ ਬਾਜ਼ੀ ਗਲਪ ਸਾਹਿਤ ਲਈ ਘਾਤਕ ਹੈ। ਇਸ ਸੰਗ੍ਰਹਿ ਵਿਚ ਇਸ ਦੇ ਕਾਫ਼ੀ ਪ੍ਰਮਾਣ ਮਿਲਦੇ ਹਨ :—

"ਫਿਰ ਬੰਤਾ, ਭਲਵਾਨਾਂ ਨਾਲ ਘੁਲਣਾ ਛਡ ਕੇ ਮਿੱਟੀ ਨਾਲ ਘੁਲਣ ਲਗ ਪਿਆ" (ਪੰਨਾ 45)।

"ਉਸ ਦਾ ਪਸੀਨਾ ਮਿੱਟੀ ਵਿਚ ਰਲ ਕੇ ਬੱਲੀਆਂ ਬਾਣੀ ਮੁਸਕ੍ਰਾਉਂਦਾ ਰਿਹਾ" (ਪੰਨਾ 46)।

"ਖੇਡਾਂ ਦੀਆਂ ਬਾਜ਼ੀਆਂ ਜਿੱਤਣ ਵਾਲੇ ਬਲਦੇਵ ਨੂੰ ਲਗਿਆ ਜਿਵੇਂ ਮਿੱਤਾ ਉਸ ਤੋਂ ਜ਼ਿੰਦਗੀ ਦੀ ਬਾਜੀ ਲੈ ਗਿਆ ਹੋਵੇ" (ਪੰਨਾ 67)।

'ਪਤਝੜ ਮਾਰੇ' ਆਪਣੇ ਆਪ ਵਿਚ ਕਾਵਿਕ ਸਿਰਲੇਖ ਹੈ। ਇਹ ਕਾਵਿਕਤਾ ਜਿਥੇ ਬਹੁਤ ਕੁਝ ਸੁਝਾਊ ਢੰਗ ਨਾਲ ਕਹਿ ਜਾਣ ਦੀ ਸਮਰਥਾ ਪੈਦਾ ਕਰਦੀ ਹੈ ਉਥੇ ਪੇਤਲੇ ਪੱਧਰ ਦੀ

ਕਾਵਿਕਤਾ ਸਥਿਤੀ ਨੂੰ ਉਪਭਾਵਕ ਬਣਾ ਦਿੰਦੀ ਹੈ ਅਤੇ ਯਥਾਰਥ ਦਾ ਚਿਤਰਨ ਰੁਮਾਂਸ ਦੀ ਧੁੰਦ ਵਿਚ ਗਵਾਚ ਜਾਂਦਾ ਹੈ। ਇਹੋ ਕਾਰਨ ਹੈ ਕਿ ਸੰਗ੍ਰਿਹ ਦੀਆਂ ਕਹਾਣੀਆਂ ਆਪਣਾ ਸੰਦੇਸ਼ ਦੇ ਕੇ ਪਾਠਕ ਦੀ ਯਾਦ ਵਿਚੋਂ ਆਪਣੇ ਆਪ ਤਿਲਕ ਜਾਂਦੀਆਂ ਹਨ।

ਸੁਰਿੰਦਰ ਰਾਮਪੁਰੀ ਦੀਆਂ ਬਹੁਤੀਆਂ ਕਹਾਣੀਆਂ ਵਿਚ ਪੇਸ਼ ਹੋਈਆਂ ਸਥਿਤੀਆਂ ਦੁਖਾਂਤ ਮਈ ਹਨ। ਸਭਨਾਂ ਕਹਾਣੀਆਂ ਵਿਚ ਇਹਨਾਂ ਸਥਿਤੀਆਂ ਪ੍ਰਤੀ ਕੋਈ ਨਾ ਕੋਈ ਮਾਨਵਵਾਦੀ ਪ੍ਰਤੀਕਰਮ ਜ਼ਰੂਰ ਹੈ। ਜੇ ਇਹਨਾਂ ਕਹਾਣੀਆਂ ਵਿਚ ਪੇਸ਼ ਹੋਏ ਦ੍ਰਿਸ਼ਟੀਕੋਣ ਨੂੰ ਕਿਸੇ ਇਕ ਸੇਧ ਵਿਚ ਬੰਨ੍ਹਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਪ੍ਰਗਤਿਵਾਦੀ (ਵਿਸ਼ਾਲ ਅਰਥਾਂ ਵਿਚ) ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਉਸ ਦਾ ਇਹ ਪ੍ਰਗਤਿਵਾਦ ਸੁਧਾਰਵਾਦ ਨਾਲ ਸੰਬੰਧਿਤ ਹੈ ਜਾਂ ਸਮਾਜਵਾਦ ਨਾਲ ਇਹ ਨਿਸਚਿਤ ਕਰਨਾ ਕਠਿਨ ਹੈ। ਕਹਾਣੀਕਾਰ ਦਾ ਹਰ ਹੀਲਾ ਅਸੰਤੁਸ਼ਟ ਜੀਵਨ-ਸਥਿਤੀਆਂ ਤੋਂ ਉਪਰ ਉਠਣ ਦਾ ਹੈ।

ਸੁਰਿੰਦਰ ਰਾਮਪੁਰੀ ਜੇ ਜੀਵਨ ਪ੍ਰਤੀ ਆਪਣੀ ਨੀਝ ਨੂੰ ਹੋਰ ਸੂਖਮ ਕਰੇ ਅਤੇ ਅਨੁਭਵ ਦੀ ਮੌਲਿਕਤਾ ਵਲ ਧਿਆਨ ਦੇਵੇ ਤਾਂ ਉਸ ਤੋਂ ਚੰਗੇਰੀਆਂ ਕਹਾਣੀਆਂ ਦੀ ਆਸ ਕੀਤੀ ਜਾਂਦੀ ਹੈ।

**ਨਾਹਰ ਸਿੰਘ**

**ਟੁੱਟਦੇ ਬਣਦੇ ਰਿਸ਼ਤੇ** [ਅਤਰਜੀਤ]

'ਮਾਸ ਖੋਰੇ' ਤੋਂ ਪਿਛੋਂ 'ਟੁੱਟਦੇ ਬਣਦੇ ਰਿਸ਼ਤੇ' ਅਤਰਜੀਤ ਦਾ ਦੂਜਾ ਕਹਾਣੀ ਸੰਗ੍ਰਿਹ ਹੈ। ਇਸ ਵਿਚ ਉਸ ਦੀਆਂ ਨੌਂ ਕਹਾਣੀਆਂ ਸ਼ਾਮਿਲ ਹਨ। ਅਤਰਜੀਤ ਲਈ ਕਹਾਣੀ ਲਿਖਣਾ ਇਕ ਚੇਤੰਨ ਤੇ ਜ਼ੁੰਮੇਵਾਰੀ ਵਾਲਾ ਕਾਰਜ ਹੈ। ਉਸ ਨੇ ਆਪਣੇ ਆਲੇ ਦੁਆਲੇ ਦੇ ਪੇਂਡੂ ਯਥਾਰਥ ਤੇ ਉਸਦੇ ਮੌਜੂਦਾ ਸੰਕਟ ਨੂੰ ਡੂੰਘੀ ਨੀਝ ਨਾਲ ਘੋਖਿਆ ਤੇ ਬੜੀ ਸੁਹਿਰਦਤਾ ਨਾਲ ਚਿਤਰਿਆ ਹੈ। ਉਸਨੇ ਪੇਂਡੂ ਜੀਵਨ ਦੇ ਉਹ ਪੱਖ ਪੇਸ਼ ਕੀਤੇ ਹਨ ਜੋ ਬੁਨਿਆਦੀ ਸਮਸਿਆਵਾਂ ਨਾਲ ਸੰਬੰਧਿਤ ਹਨ। ਬਿਨਾਂ ਕਿਸੇ ਨਾਹਰੇ ਜਾਂ ਫਾਰਮੂਲੇ ਨੂੰ ਆਧਾਰ ਬਣਾਇਆਂ ਉਹ ਨਿਤਾ ਪ੍ਰਤੀ ਪੇਂਡੂ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਤੋਂ ਸਾਫ਼ ਦਰਸਾ ਦਿੰਦਾ ਹੈ ਕਿ ਕਿਵੇਂ ਆਰਥਿਕ ਸਾਧਨਾਂ ਦੀ ਅਤੀ ਥੁੜ ਜਾਂ ਲਗਭਗ ਅਣਹੋਂਦ ਕਾਰਨ ਪੇਂਡੂ ਵਸੋਂ ਦਾ ਵਡੇਰਾ ਭਾਗ ਹਮੇਸ਼ਾ ਹੀ ਸੰਕਟ ਗ੍ਰਸਤ ਜੀਵਨ ਦੇ ਦੁਖਾਂ ਨੂੰ ਭੋਗਦਾ ਹੈ। ਆਰਥਿਕ ਰਿਸ਼ਤਿਆਂ ਦੇ ਪਰਸਪਰ ਸੰਬੰਧ ਤੇ ਦਵੰਦ ਤੋਂ ਹੀ ਉਸ ਦੀਆਂ ਕਹਾਣੀਆਂ ਦਾ ਤਾਣਾ ਪੇਟਾ ਬਣਿਆ ਹੈ।

'ਬਠਲੂ ਚਮਿਆਰ' ਦਾ ਸੁੰਦਰ ਬੇਜ਼ਮੀਨੇ ਵਰਗ ਵਿਚੋਂ ਹੈ ਤੇ ਦਿਹਾੜੀ ਕਰਕੇ ਡੰਗ ਟਪਾਉਂਦਾ ਹੈ। ਉਹ ਆਪਣੀ ਰੁਜ਼ਗਾਰ ਲਈ ਜ਼ਮੀਨ ਵਾਲੇ ਵਰਗ 'ਤੇ ਨਿਰਭਰ ਹੋਣ ਲਈ ਮਜਬੂਰ ਹੈ ਜਿਸਦੀ ਵਾਗ ਡੋਰ ਧਨੀ ਪੇਂਡੂ ਵਰਗ ਕੋਲ ਹੈ। ਸੁੰਦਰ ਪੂਰੀ ਤਨਦੇਹੀ ਨਾਲ ਪਿੰਡ ਦੇ ਸਾਂਝੇ ਕੰਮ ਕਰਦਾ ਹੋਇਆ ਵੀ ਉਪਰੋਕਤ ਵਰਗ ਦੇ ਮਜ਼ਾਕ ਸਹਿੰਦਾ ਹੈ ਅਤੇ 'ਮੱਦੀ' ਤੇ 'ਬਠਲੂ' ਆਦਿ ਖਿਤਾਬਾਂ ਨਾਲ ਨਿਵਾਜ਼ਿਆ ਜਾਂਦਾ ਹੈ। ਧਨੀ ਪੇਂਡੂ ਵਰਗ ਦੇ ਮੁਨਾਫਾਖੋਰੀ ਦੀ ਸੱਜਰੀ ਚੇਟਕ 'ਚੋਂ ਪੈਦਾ ਹੋਏ ਹੱਥਕੰਡੇ, ਨਿਮਨ ਸ਼ਰੇਣੀਆਂ ਦੇ ਪੁਰਾਣੇ ਸੰਸਕਾਰ ਤੇ ਅੰਧ ਵਿਸ਼ਵਾਸ ਅਤੇ ਸੁੰਦਰ ਦਾ ਆਪਣਾ ਹੰਢ ਚੁਕੀਆਂ ਸਦਾਚਾਰਕ ਕੀਮਤਾਂ ਨਾਲ ਮੋਹ ਉਸ ਦੀ ਜਾਨ ਦਾ ਖੌਅ ਬਣ ਜਾਂਦੇ ਹਨ। ਸਮਾਜਕ

ਕੀਮਤਾਂ ਦੇ ਟੁਟਣ ਤੇ ਬਣਨ ਦੇ ਤਣਾਉ ਦਾ ਬਹੁਤਾ ਸ਼ਿਕਾਰ ਸਾਧਨਹੀਣ ਨਿਰਦੋਸ਼ ਮਨੁੱਖ ਹੀ ਬਣਦੇ ਹਨ, ਇਸ ਪ੍ਰਕਿਰਿਆ ਦਾ ਕਲਾਮਈ ਚਿਤਰਣ 'ਬਠਲੂ ਚਮਿਆਰ' ਨੂੰ ਸ਼੍ਰੇਸ਼ਠ ਕਹਾਣੀ ਬਣ ਸਕਣ ਦੀ ਸਮਰਥਾ ਬਖਸ਼ਦਾ ਹੈ। ਅਤਰਜੀਤ ਵਲੋਂ ਪੰਜਾਬੀ ਕਹਾਣੀ ਵਿਚ ਇਹ ਇਕ ਮਾਣਯੋਗ ਵਾਧਾ ਹੈ।

ਜਿਥੇ ਬਠਲੂ ਪੁਰਾਣੇ ਸੰਸਕਾਰਾਂ ਦਾ ਸ਼ਿਕਾਰ ਹੁੰਦਾ ਹੈ, ਉੱਥੇ 'ਸਰਪੰਚੀ' ਦਾ 'ਕਰਤਾਰ ਸਿਹੁੰ' ਸਿੱਖ, ਇਕ ਬੇਜ਼ਮੀਨਾਂ ਕਿਸਾਨ, ਸਮਾਜਕ ਬਰਾਬਰੀ ਦੇ ਨਾਅਰੇ ਹੱਥੋਂ ਭੁਚਲਾਇਆ ਜਾਂਦਾ ਹੈ। ਉਸਨੂੰ ਪਿੰਡ ਦੀ ਸਰਪੰਚੀ ਲਈ ਅਸੂਲੀ ਬਰਾਬਰੀ ਤੇ ਭਾਈਚਾਰਕ ਏਕਤਾ ਦੇ ਆਧਾਰ 'ਤੇ ਆਪਣੀ ਸਫਲਤਾ ਦਾ ਵਿਸ਼ਵਾਸ ਹੈ; ਪਰ ਆਰਥਿਕ ਸਾਧਨਾਂ ਦੀ ਅਣਹੋਂਦ ਵਿਚ ਇਸ ਬਰਾਬਰੀ ਤੇ ਏਕਤਾ ਦਾ ਪੋਲਾਪਨ ਨੰਗਾ ਹੋ ਜਾਂਦਾ ਹੈ ਅਤੇ ਉਸਦੇ ਪੱਲੇ ਖੱਜਲ ਖੁਆਰੀ ਤੇ 'ਨਾਮ ਦਾ ਆਸਰਾ' ਹੀ ਰਹਿ ਜਾਂਦੇ ਹਨ।

'ਟੁੱਟਦੇ ਬਣਦੇ ਰਿਸ਼ਤੇ' ਵਿਚ ਲਹੂ ਮਾਸ ਦੇ ਰਿਸ਼ਤਿਆਂ ਦਾ ਆਧਾਰ ਆਰਥਿਕ ਨਫਾ ਨੁਕਸਾਨ ਬਣਦਾ ਹੈ। 'ਸ਼ਰਮ' ਵਿਚ ਨਿਘਰ ਰਹੀ ਆਰਥਿਕਤਾ ਬੰਤੇ ਦੀ ਸ਼ਰਮ ਲਾਹ ਕੇ ਉਸਨੂੰ ਢੀਠ ਬਣਾ ਦਿੰਦੀ ਹੈ। ਥੁੜਾਂ ਭਰਿਆ ਬਚਪਨ ਭੋਲੇ ਭਾਲੇ ਮਨਾਂ ਵਿਚ ਗੁਨਾਹ ਦੇ ਬੀ ਕਿਵੇਂ ਸੁਤੇ ਸਿਧ ਬੀਜ ਦਿੰਦਾ ਹੈ, 'ਰਤੀ ਰਤੀ ਭਰ' ਇਸਦਾ ਪ੍ਰਮਾਣਿਕ ਨਮੂਨਾ ਹੈ। 'ਅਠਾਰਾਂ ਤਰੀਕ' ਦੇ ਮਾਸਟਰ ਕ੍ਰਿਸ਼ਨ ਕੁਮਾਰ ਦਾ ਸ੍ਵੈ-ਮਾਣ ਤੇ ਆਤਮ-ਬਲ ਚਲਾਕ ਦਫ਼ਤਰ ਸ਼ਾਹੀ ਅੱਗੇ ਹੌਲੀ ਹੌਲੀ ਭੁਰ ਜਾਂਦਾ ਹੈ; ਕਿਉਂਕਿ ਉਹ ਇਕ ਮਾਮੂਲੀ ਮੁਲਾਜ਼ਮ ਹੈ। 'ਨਾ ਹੰਢਾਉਣ ਯੋਗ ਕਿੱਸਾ' ਅਤੇ 'ਜ਼ਿੰਦਗੀ ਦੇ ਨਕਸ਼' ਉਸ ਭਾਈਚਾਰਕ ਸੁਤੰਤਰਤਾ ਨੂੰ ਸਾਕਾਰ ਦੇਖਣ ਦੇ ਤਰਲੇ ਹਨ, ਜਿਹੜੀ ਨਾਮ-ਨਿਹਾਦ ਸ਼ਹਿਰੀਕਰਨ ਦੇ ਬਾਵਜੂਦ ਭੌਤਿਕ ਜੀਵਨ ਵਿਚ ਅ-ਪ੍ਰਾਪਤ ਹੋਣ ਕਰਕੇ ਮਾਨਸਿਕ ਜ਼ਿੰਦਗੀ ਨੂੰ ਸੂਲੀ 'ਤੇ ਟੰਗੀ ਫਿਰਦੀ ਹੈ। ਇਸ ਸਾਰੇ ਸੰਕਟ 'ਚੋਂ ਸਮਾਜ ਨੂੰ ਇਕੋ ਝਟਕੇ ਨਾਲ ਕਢਣ ਦਾ ਜਾਂਬਾਜ਼ ਤੇ ਸੁਹਿਰਦ ਯਤਨ ਅਤੇ ਉਸਦੀ ਅਸਫਲਤਾ ਦਾ ਕਰੁਣਾਮਈ ਬਿਆਨ 'ਹਿੰਸਕ ਵਾਰਦਾਤ' ਵਿਚ ਸਿਮਟਿਆ ਹੋਇਆ ਹੈ। ਇਉਂ ਅਤਰਜੀਤ ਦੀਆਂ ਇਹ ਕਹਾਣੀਆਂ ਵਰਤਮਾਨ ਪੇਂਡੂ ਯਥਾਰਥ ਦਾ ਇਕ ਮਹੱਤਵ-ਪੂਰਨ ਦਸਤਾਵੇਜ਼ ਹੋ ਨਿਬੜਦੀਆਂ ਹਨ।

**ਹਰਿਭਜਨ ਹਲਵਾਰਵੀ**

—: 0 :—

## ਪੁਸਤਕ ਪ੍ਰਾਪਤੀ

1. ਪਿਆਰੇ ਜੀਓ [ਭਾਈ ਵੀਰ ਸਿੰਘ ਜੀ ਦੀਆਂ ਚੋਣਵੀਆਂ ਚਿੱਠੀਆਂ] ਸੰਪਾਦਕ : ਡਾ: ਵਿਸ਼ਵਾ ਨਾਥ ਤਿਵਾੜੀ, ਪੰਨੇ 164, ਮੁੱਲ 24 ਰੁਪਏ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
2. ਸਿਰਜਣਾ ਅਤੇ ਸਮੀਖਿਆ [ਆਲੋਚਨਾ] ਅਮਰੀਕ ਸਿੰਘ ਪੂਨੀ, ਪੰਨੇ 136, ਮੁੱਲ 15 ਰੁਪਏ, ਵਰਤਮਾਨ ਪ੍ਰਕਾਸ਼ਨ. 22/83, ਵੈਸਟ ਪਟੇਲ ਨਗਰ, ਨਵੀਂ ਦਿੱਲੀ, 110008
3. ਖਿਆਲਾਂ ਦੇ ਖੰਭ [ਕਾਵਿ ਸੰਗ੍ਰਹਿ] ਗੁਰਸ਼ਰਨ ਰੰਧਾਵਾ, ਪੰਨੇ 80, ਮੁੱਲ 5 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ।
4. ਨੀਂਹ ਦੀ ਪਹਿਲੀ ਇੱਟ [ਕਹਾਣੀ ਸੰਗ੍ਰਹਿ] ਗੁਰਦਿਤ ਸਿੰਘ ਕੰਗ,ਪੰਨੇ 96, ਮੁੱਲ 7 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ।
5. ਅੱਗ ਦੇ ਆਸ਼ਕ [ਨਾਵਲ] ਮੱਖਣ ਸਿੰਘ, ਪੰਨੇ 140, ਮੁੱਲ 8 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ।
6. ਆਕਾਸਮਾ [ਕਾਵਿ ਸੰਗ੍ਰਹਿ] ਮਿੱਤਰ ਰਾਸ਼ਾ, ਪੰਨੇ 96, ਮੁੱਲ 10 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ।

## ਪੰਜਾਬੀ ਸਾਹਿਤ ਅਕਾਡਮੀ ਦਾ ਬੰਬਈ ਸਮਾਗਮ

24, 25, 26 ਦਸੰਬਰ ਨੂੰ ਪੰਜਾਬੀ ਸਾਹਿਤ ਅਕਾਡਮੀ (ਲੁਧਿਆਣਾ) ਦੇ ਸਾਲਾਨਾ ਸਮਾਗਮ ਦਾ ਪ੍ਰਬੰਧ ਪੰਜਾਬੀ ਕਲਾ ਕੇਂਦਰ ਬੰਬਈ ਨੇ ਕੀਤਾ, ਜਿਸ ਦਾ ਅਰੰਭਕ ਸਮਾਗਮ ਉਬਰਾਇ ਸ਼ੈਰੇਟਨ ਵਿਚ ਹੋਇਆ। ਸਭਿਆਚਾਰਕ ਸਮਾਗਮ, ਸ਼ਿਵ ਕੁਮਾਰ ਦੀ ਲੂਣਾ, ਕਵੀ ਦਰਬਾਰ, ਸੁਦਰਸ਼ਨ ਧੀਰ ਦਾ ਬੈਲੇ, ਤੇ ਗੋਸ਼ਟੀਆਂ ਲਾਜਪਤ ਰਾਏ ਕਾਲਜ ਦੇ ਹਾਲ ਵਿਚ ਤੇ ਵਿਦਾਇਗੀ ਸਮਾਰੋਹ ਸੀ ਸਮੁੰਦਰ ਕੰਢੇ ਉਸਟਰ ਕਲੱਬ ਵਿਚ ਕਾਕਟੇਲ ਤੇ ਡਿਨਰ। ਪੰਜਾਬ ਤੋਂ ਕੇਵਲ ਗਿਣਤੀ ਦੇ ਲੇਖਕ ਹੀ ਇਸ ਕਾਨਫਰੰਸ ਵਿਚ ਪਹੁੰਚੇ, ਕਿਉਂਕਿ ਪੰਜਾਬ ਵਿਚ ਇਸ ਕਾਨਫਰੰਸ ਦੇ ਹੋਣ ਦੀ ਕਿਸੇ ਨੂੰ ਘੱਟ ਹੀ ਸੂਹ ਸੀ। ਸਾਹਿਤ ਅਕਾਡਮੀ ਨੇ ਜਿਨ੍ਹਾਂ ਨੂੰ ਪੱਤਰਾਂ ਰਾਹੀਂ ਕਿਰਾਏ ਦੀ ਪੇਸ਼ਕਸ਼ ਨਾਲ ਸੱਦਾ ਪੱਤਰ ਦਿਤਾ, ਉਹਨਾਂ 'ਚੋਂ ਵੀ 16 ਕੁ ਲੇਖਕ ਹੀ ਪੁਜ ਸਕੇ। ਇਸੇ ਲਈ ਡਾ: ਜਸਬੀਰ ਸਿੰਘ ਆਹਲੂਵਾਲੀਆ ਨੇ ਜਦੋਂ ਆਪਣਾ ਪਰਚਾ '1947 ਤੋਂ ਬਾਅਦ ਦਾ ਪੰਜਾਬੀ ਸਾਹਿਤ' ਪ੍ਰਸਤੁਤ ਕੀਤਾ ਤਾਂ ਇਹੀ ਲੇਖਕ (ਜਾਂ ਬੰਬਈ ਦੇ ਪ੍ਰਬੰਧਕ ਲੇਖਕ ਸੁਖਬੀਰ, ਹਰਨਾਮ ਸਿੰਘ ਨਾਜ਼ ਆਦਿ...) ਹੀ ਮੁਖ ਗੋਸ਼ਟੀ ਦੇ ਸਰੋਤੇ ਸਨ ਤੇ ਜਿਨ੍ਹਾਂ ਨੇ ਡਾ: ਆਹਲੂਵਾਲੀਆ ਨੂੰ ਛੰਡਿਆ-ਅਛੰਡਿਆ, ਉਹਨਾਂ ਵਿਚ ਡਾ: ਪ੍ਰਮਿੰਦਰ ਸਿੰਘ, ਡਾ: ਕੁਲਬੀਰ ਸਿੰਘ ਕਾਂਗ, ਡਾ: ਵੀ. ਐਨ ਤਿਵਾੜੀ, ਸੁਤਿੰਦਰ ਸਿੰਘ ਨੂਰ, ਰਘਬੀਰ ਸਿੰਘ, ਹਰਿਨਾਮ, ਰਣਜੀਤ ਬਾਜਵਾ, ਐਸ. ਸਵਰਨ, ਜਗਜੀਤ ਸਿੰਘ ਅਨੰਦ ਆਦਿ ਵੀ ਇਨ੍ਹਾਂ ਸਰੋਤਿਆਂ ਵਿਚੋਂ ਹੀ ਸਨ। ਚੰਗੀ ਪੱਧਰ ਦਾ ਵਾਦ-ਵਿਵਾਦ ਹੋਇਆ। ਸਦਾ ਵਾਂਗ ਡਾ: ਆਹਲੂਵਾਲੀਆ ਬੁਛਾੜ ਵਿਚ ਘਿਰਿਆ ਬੈਠਾ ਸੀ। ਪ੍ਰਧਾਨਗੀ ਭਾਸ਼ਨ ਸਮੇਂ ਸੰਤ ਸਿੰਘ ਸੇਖੋਂ ਨੇ ਰਲਾ ਮਿਲਾ ਨਾਲ ਉਸਨੂੰ ਸੁਰੱਖਿਅਤ ਰੱਖਣ ਦਾ ਜਤਨ ਕੀਤਾ (ਪਰ ਡਾ: ਆਹਲੂਵਾਲੀਆ ਨਾਲ ਜੋ ਹੋ ਰਹੀ ਸੀ, ਦੇਖਕੇ ਪੰਜਾਬ ਦੇ ਵਿਦਿਆ ਮੰਤਰੀ ਚੌਧਰੀ ਗੁਰਮੇਲ ਸਿੰਘ ਮੁਸਕਰਾ ਰਹੇ ਸਨ) ਦੁਪਹਿਰ ਬਾਅਦ 'ਈਸ਼ਵਰ ਚੰਦਰ ਨੰਦਾ ਸਮਾਗਮ' ਵਿਚ ਪੰਜਾਬੀ ਨਾਟਕ ਤੇ ਰੰਗ ਮੰਚ ਬਾਰੇ ਇਕ ਗੋਸ਼ਟੀ ਹੋਈ ਜਿਸ ਵਿਚ ਡਾ: ਹਰਚਰਨ ਸਿੰਘ, ਕਪੂਰ ਸਿੰਘ ਘੁੰਮਣ, ਸ੍ਰੀ ਮਤੀ ਸੰਤੋਸ਼ ਸਾਹਣੀ, ਸਾਗਰ ਸਰਹੱਦੀ, ਨਿਤਿਨ ਸੇਠੀ, ਗਿ: ਦਰਸ਼ਨ ਸਿੰਘ (ਇੰਗਲੈਂਡ) ਅਮਜਦ ਭੱਟੀ, ਐਸ. ਸਵਰਨ ਨੇ ਭਾਗ ਲਿਆ। ਅਗਲੇ ਦਿਨ ਬੰਬਈ ਦੇ ਤੇ ਕੁਝ ਹੋਰ ਪੰਜਾਬੀ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਸ੍ਰੀ ਰਾਜਿੰਦਰ ਸਿੰਘ ਬੇਦੀ, ਸ੍ਰੀ ਮਤੀ ਸੰਤੋਸ਼ ਸਾਹਣੀ, ਸ੍ਰੀ ਮਨਮੋਹਨ ਕ੍ਰਿਸ਼ਨ ਆਦਿ ਦੇ ਨਾਉਂ ਵਰਨਣ ਯੋਗ ਹਨ।

ਸੰਤ ਸਿੰਘ ਸੇਖੋਂ ਨੇ ਬਲਰਾਜ ਸਾਹਣੀ ਮੈਮੋਰੀਅਲ ਭਾਸ਼ਨ ਲੜੀ ਵਿਚ ਪੰਜਾਬ ਦੀਆਂ ਸਿਥਾਂ ਤੇ ਇਤਿਹਾਸ ਦੇ ਰਿਸ਼ਤੇ ਬਾਰੇ ਇਕ ਵਿਸ਼ੇਸ਼ ਪਰਚਾ ਪੜ੍ਹਿਆ। ਭਾਵੇਂ ਪੰਜਾਬੀ ਸਾਹਿਤ ਅਕਾਡਮੀ ਨੇ ਰਸਮੀ ਤੌਰ 'ਤੇ ਤਾਂ ਮਗਰੋਂ ਲੁਧਿਆਣੇ ਵਿਚ 9 ਜਨਵਰੀ ਨੂੰ ਸੰਤ ਸਿੰਘ ਸੇਖੋਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਪਰ ਏਸ ਦਿਨ ਬੰਬਈ ਵਿਚ ਵੀ ਉਹਨਾਂ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਦੀ ਰਸਮ ਨਿਭਾਈ ਗਈ।

ਲੇਖਕਾਂ ਦੀ ਜਿਵੇਂ ਰਿਹਾਇਸ਼ ਆਦਿ ਦਾ ਪ੍ਰਬੰਧ ਪੰਜਾਬੀ ਕਲਾ ਕੇਂਦਰ ਬੰਬਈ ਨੇ ਕੀਤਾ ਉਸ ਲਈ ਸ੍ਰੀ ਐਚ. ਐਸ. ਭੱਟੀ ਅਤੇ ਉਹਨਾਂ ਦੇ ਸਹਿਯੋਗੀ ਪ੍ਰਬੰਧਕ ਸੁਖਬੀਰ, ਹਰਨਾਮ ਸਿੰਘ ਨਾਜ਼, ਮੱਖਣ ਸਿੰਘ, ਹਰਦਿੱਤ ਸਿੰਘ ਤੇ ਪ੍ਰੀਤਮ ਬੇਲੀ ਆਦਿ ਪ੍ਰਸੰਸਾ ਦੇ ਅਧਿਕਾਰੀ ਹਨ। ਇਹਨਾਂ ਸਭਨਾਂ ਦੇ ਵਿਵਿਹਾਰ ਵਿਚ ਪੰਜਾਬੋਂ ਆਏ ਲੇਖਕਾਂ ਨੇ ਨਿੱਘ ਅਨੁਭਵ ਕੀਤਾ। ਕਾਨਫਰੰਸ ਦੀ ਸਮੁੱਚੀ ਸਫਲਤਾ ਦਾ ਸਿਹਰਾ ਸ੍ਰੀ ਐਚ. ਐਸ. ਭੱਟੀ ਦੇ ਸਿਰ ਬੱਝਦਾ ਹੈ ਜਿਨ੍ਹਾਂ ਦੇ ਉਚੇਚੇ ਯਤਨਾਂ ਨਾਲ ਇਹ ਕਾਨਫਰੰਸ ਬੰਬਈ ਵਿਚ ਹੋ ਸਕੀ ਸੀ।

ਪਿਆਰੇ ਸੰਪਾਦਕ ਜੀ,

ਖਬਰਾਂ ਆਈਆਂ ਹਨ ਕਿ "ਜੁਝਾਰ ਕਵੀ" ਕਈ "ਮੰਜ਼ਲਾਂ" ਤੇ ਕਰਕੇ ਹੁਣ ਟਰਾਸਟਕੀ-ਵਾਦ ਤੋਂ ਅਗਾਂਹ ਕਿਸੇ ਅਗਲੇ ਪਿੜ ਵਿਚ ਛਾਲ ਮਾਰ ਗਿਆ ਹੈ। ਇਹਨਾਂ ਖਬਰਾਂ ਤੋਂ ਪ੍ਰਭਾਵਿਤ ਹੋ ਕੇ ਇਹ ਕਾਵਿ ਪੰਕਤੀਆਂ ਲਿਖੀਆਂ ਗਈਆਂ ਹਨ। ਉਮੀਦ ਹੈ ਸਿਰਜਣਾ ਦੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰ ਦਿਉਗੇ :

**ਟਰਾਸਕੀ ਦੇ ਪੁੱਤ ਦੇ ਨਾਂ**

ਐਸਾ ਝੂਠ ਨੇ ਤੋੜਿਆ ਕਾਸਾ ਈਮਾਨ ਦਾ
ਮਿੰਟਾਂ 'ਚ ਠੰਡਾ ਹੋਇਆ ਜੁੱਸਾ ਜਵਾਨ ਦਾ
ਕੌਣ ਕਹੇ ਕਿ ਕਸੂਰ ਤੀਰ ਕਮਾਨ ਦਾ
ਤੇਰੇ ਤਾਂ ਦੋ ਹੱਥ ਜੁੜੇ ਖੜੇ ਹਨ......
ਕਿੱਥੇ ਰੱਖਿਆ ਤੂੰ ਖ਼ਾਬਾਂ ਦਾ ਪਲੰਦਾ
ਬਦਲਣਾ ਸੀ ਜਿਸ ਨਾਲ ਨਕਸ਼ਾ ਜਹਾਨ ਦਾ
ਤੇਰੀ ਹਰ ਸੰਵੇਗ ਸੀ ਵਕਤੀ
ਜੀਕਣ ਨਸ਼ਾ ਹੁੰਦਾ ਏ ਸ਼ਰਾਬ ਲਾਣ੍ਹ ਦਾ,
ਹੁਣ ਪਤਾ ਲੱਗਿਆ ਤੇਰੀ ਸ਼ੈਤਾਨੀ ਦਾ
'ਉੱਡਦੇ ਬਾਜ਼ਾਂ ਮਗਰ' ਤੂੰ ਕਦੋਂ ਸੀ ਉਡਿਆ
ਇਹ ਤਾਂ ਤੇਰਾ ਸਿਰਫ ਦਾਅ ਸੀ ਚਿੜੀਆਂ ਖਾਣ ਦਾ।
ਜੀ ਕਰਦਾ ਏ ਤੇਰਾ ਪਰਦਾ ਫ਼ਾਸ਼ ਕਰਾਂ
ਮਕਸਦ ਕੀ ਹੈ ਤੇਰਾ ਆਣ ਜਾਣ ਦਾ।
ਕਿੰਨਾ ਕੱਚਾ ਸੀ ਤੇਰਾ ਇਰਾਦਾ ਕ੍ਰਾਂਤੀ ਉਗਾਣ ਦਾ
ਹਰ ਸਿਆੜ ਵਿਚ ਪਾੜੇ ਛੱਡ ਗਿਆ,
ਕ੍ਰਾਂਤੀ ਬੀਜਣ ਵੇਲੇ ਪੋਰ ਮੋਖੀ ਰੱਖਿਆ
'ਅਗਸਤ-ਬਲਾਕ' ਤੂੰ ਟਰਾਟਸਕੀ-ਸ਼ੈਤਾਨ ਦਾ।
ਤੂੰ ਹੁਣ ਚਮਚਾ ਹੋ ਗਿਆ ਏਂ ਸ਼ਾਹ ਦਾ
ਆਜ਼ਾਦੀ ਤਾਂ ਮਿਲ ਗਈ, ਹੁਣ ਯਾਰੀ ਪੁਗਾ ਲੈ,
ਅਖੌਤੀ-ਕਵਿਤਾ ਲਿਖ ਕੇ ਥਾਂ ਥਾਂ ਛਪਵਾ ਲੈ।

[ਸੁਰਜੀਤ ਬਰਾੜ ਘੋਲੀਆ]

ਸੰਪਾਦਕ ਜੀ,

ਰੇਮੰਡ ਚਾਲੀਨਰ ਦੇ ਲੇਖ 'ਪੂੰਜੀਵਾਦ ਤੇ ਵਿਸ਼ਵ-ਵਿਦਿਆਲੇ' (ਸਿਰਜਣਾ,ਅਕਤੂਬਰ-ਦਸੰਬਰ 76) ਵਿਚ ਬਾਹਰਲੀਆਂ ਯੂਨੀਵਰਸਿਟੀਆਂ ਦੀ ਗੱਲ ਕੀਤੀ ਗਈ ਹੈ। ਵਿਦੇਸ਼ੀ ਲੇਖ ਬਿਲਕੁਲ ਵੀ ਓਪਰਾ ਨਹੀਂ ਲਗਦਾ। ਇਥੇ ਯੂਨੀਵਰਸਿਟੀਆਂ ਦੇ ਵੱਡੇ ਅਹੁਦਿਆਂ 'ਤੇ ਵਿਰਾਜਮਾਨ ਲੋਕਾਂ ਦਾ ਹਾਲ ਇਹ ਹੈ ਕਿ ਦਫਤਰੀ ਅਮਲੇ ਨੂੰ ਘਰ ਦੀ ਵਰਤੋਂ ਦੇ ਟੂਲ ਸਮਝਿਆ ਜਾਂਦਾ ਹੈ। ਚਪੜਾਸੀ ਸਾਰਾ ਦਿਨ ਇਨ੍ਹਾਂ ਦੇ ਘਰ ਦਾ ਕੰਮ ਕਰਦਾ ਹੈ। ਕਲਰਕ ਦਫਤਰ ਦਾ ਚਪੜਾਸੀ ਬਣਦਾ ਹੈ। ਸਟੈਨੋ ਇਨ੍ਹਾਂ ਦੇ ਬੱਚਿਆਂ/ਸੰਬੰਧੀਆਂ ਲਈ ਨੋਟਸ ਟਾਈਪ ਕਰਦਾ ਹੈ। ਇਨ੍ਹਾਂ ਅੱਗੇ 'ਜੋ ਅੜੇ ਸੋ ਝੜੇ'।

ਜ਼ਾਤੀ ਤਜਰਬਾ ਦਸਦਾ ਹੈ ਕਿ ਅਜਿਹੀ ਸਮਾਜਕ ਬੁਰਾਈ ਨੂੰ ਉਘਾੜਦੀ ਸਾਹਿਤਕ ਰਚਨਾ ਦੇ ਮੱਥੇ 'ਚਿੱਕੜ ਸੁੱਟਣ' ਦਾ ਇਲਜ਼ਾਮ ਲਗਦਾ ਹੈ। ਅਕਾਦਮਕ ਆਜ਼ਾਦੀ ਦਾ ਸੁਪਨਾ, ਨੌਕਰੀ ਦੇ ਜੁਆਬ ਨਾਲ ਪੂਰਾ ਕੀਤਾ ਜਾਂਦਾ ਹੈ।

ਕਿਸੇ ਦੀ ਮੌਲਿਕ ਰਚਨਾ, ਇਨ੍ਹਾਂ ਦੀ ਮੋਹਰ ਤੋਂ ਬਿਨਾਂ ਰਚਨਾ ਹੀ ਨਹੀਂ। ਇਨ੍ਹਾਂ ਦੀ 'ਐਡੀਟਿੰਗ' ਜ਼ਰੂਰੀ ਹੈ! ਵਿਦਿਆਰਥੀ ਵਰਗ ਅਜੇ ਸ਼ਾਇਦ ਨਿਆਣਾ ਹੈ।

ਕਾਸ਼! ਕਿ ਅਧਿਆਪਕ ਆਪਣੀ ਰਚਨਾ, ਛਾਂਗ ਦੇਣ ਲਈ, ਇਨ੍ਹਾਂ ਅੱਗੇ ਨਾ ਧਰਨ। ਦਫਤਰੀ ਅਮਲੇ ਦੀ ਬੁੱਧ, ਇਨ੍ਹਾਂ ਨੂੰ ਪਹਿਚਾਨਣ ਜੋਗੀ ਨਹੀਂ। ਉਹ ਆਖੀ ਜਾ ਰਹੇ ਨੇ, 'ਕਿੰਨਾ ਚੰਗਾ ਹੈ ਸਾਡਾ ਹੈੱਡ! ਜੇ ਪੰਦਰਾਂ ਸਫ਼ੇ ਘਰ ਦੇ ਕੰਮ ਦੇ ਟਾਈਪ ਕਰਵਾਉਂਦਾ ਹੈ ਤਾਂ ਕਾਗਜ਼ ਘਰੋਂ ਮੰਗਵਾ ਲੈਂਦਾ ਹੈ।' ਉਨ੍ਹਾਂ ਨੂੰ ਅਪਣੀ (ਦਫਤਰ ਦੀ) ਲੇਬਰ ਦਾ ਖਿਆਲ ਪਤਾ ਨਹੀਂ ਅਜੇ ਕਦੋਂ ਆਉਣਾ ਹੈ?

ਅਜਾਇਬ ਸਿੰਘ [ਅੰਮ੍ਰਿਤਸਰ]

ਸਤਿਕਾਰ ਯੋਗ ਸੰਪਾਦਕ ਜੀ,

ਸੇਵਾ ਸਿੰਘ ਦਾ ਅਨੁਵਾਦ 'ਪੂੰਜੀਵਾਦ ਤੇ ਵਿਸ਼ਵ ਵਿਦਿਆਲੇ' ਸਾਨੂੰ ਪੂੰਜੀਵਾਦੀ ਵਿਕਸਿਤ ਦੇਸ਼ਾਂ ਦੀਆਂ ਅੈਡਮਿਕ ਸੰਸਥਾਵਾਂ ਵਿਚ ਸਮਾਜੀ ਗਣਤੰਤਰ ਪੱਖੀ ਲੋਕਾਂ ਵਿਰੁਧ, ਮਿਲਟਰੀ ਤੇ ਜਾਸੂਸੀ ਜਿਹੇ ਗੰਦ ਕਤਰਾਵੇ ਬਾਰੇ ਗਹਿਰਾਈ ਭਰੀ ਜਾਣਕਾਰੀ ਦਿੰਦਾ ਹੈ। ਇਹ ਸੇਵਾਂ ਸਿੰਘ ਹੋਰਾਂ ਦਾ ਸਲਾਹੁਣ ਯੋਗ ਉਦਮ ਹੈ। ਪਰ ਮੈਂ ਸਮਝਦਾ ਹਾਂ ਕਿਤੇ ਕਿਤੇ ਸੇਵਾ ਸਿੰਘ ਤੋਂ ਅਨੁਵਾਦ ਕਰਦਿਆਂ ਹੋਇਆਂ ਅਰਥ ਦਾ ਅਨਰਥ ਵੀ ਹੋ ਗਇਆ ਹੈ ਜਿਵੇਂ ਕਿ ਸ਼ਸਤਰੀ ਕਾਰਖਾਨੇ ਦੇ ਸਿਰਲੇਖ ਦੇ ਦੂਜੇ ਪਹਿਰੇ ਦੇ ਆਖਰੀ ਫਿਕਰੇ ਵਿਚ ਹੋਇਆਂ ਹੈ।

ਇਹ ਫਿਕਰਾ ਇੰਜ ਹੋਣਾ ਚਾਹੀਦਾ ਸੀ। "ਸੀ. ਪੀ. ਸਨੋਅ ਨੇ ਵੀ ਸੰਕੇਤ ਦਿਤਾ ਹੈ ਕਿ ਹੁਣ ਕੋਈ ਖਿਆਤੀ ਪ੍ਰਾਪਤ ਸਾਇੰਸਦਾਨ ਰੂਸੀ ਖੋਜ-ਟੀਮ ਦਾ ਮੈਂਬਰ ਨਹੀਂ ਬਣ ਸਕਦਾ" ਕਿਉਂਕਿ ਇਹ ਤਾਂ ਸਾਰੇ ਪ੍ਰਸੰਗ ਤੋਂ ਹੀ ਸਾਫ ਹੋ ਜਾਂਦਾ ਹੈ ਕਿ ਗੱਲ-ਪੂੰਜਵਾਦੀ ਵਿਕਸਿਤ ਦੇਸ਼ਾਂ ਦੀ ਹੋ ਰਹੀ ਹੈ ਨਾਕਿ ਰੂਸ ਦੇ ਵਿਸ਼ਵ ਵਿਦਿਆਲਿਆਂ ਤੇ ਸਾਇੰਸਦਾਨਾਂ ਦੀ। ਕਿਰਪਾ ਕਰਕੇ ਅਜਿਹੀਆਂ ਗਲਤੀਆਂ ਤੋਂ, ਜੋ ਵੱਡੇ ਪੱਧਰ 'ਤੇ ਭੁਲੇਖੇ ਪਾ ਸਕਦੀਆਂ ਹਨ, ਬਚਿਆ ਜਾਣਾ ਚਾਹੀਦਾ ਹੈ।

ਇਸ ਆਸ ਨਾਲ ਕਿ ਸਾਡਾ ਪਰਚਾ ਸਿਰਜਣਾ ਸਾਹਿਤ ਵਿਚ ਸੁਹਜਵਾਦੀਆਂ ਤੇ ਪ੍ਰਯੋਗ-ਵਾਦੀਆਂ ਦੀਆਂ ਸਾਜ਼ਿਸ਼ਾਂ ਦਾ ਜੁਆਬ ਢੁਕਵੇਂ ਰੂਪ ਵਿਚ ਦਿੰਦਾ ਰਹੇਗਾ।

ਗੁਰਿੰਦਰ ਬੇਦੀ [ਮੁਕਤਸਰ]

## ਸਮੇਂ ਦੇ ਨਾਲ ਚਲਦਿਆਂ

# ਪੰਜਾਬ ਮਾਰਕਫੈਡ

## ਅੱਗੇ ਵਧ ਰਿਹਾ ਹੈ

### ਸਾਲ ਦੌਰਾਨ ਕੀਤਾ ਬਿਜ਼ਨਿਸ 400 ਕਰੋੜ ਰੁਪਏ

**ਪੰਜਾਬ ਮਾਰਕਫੈਡ ਕਿਸਾਨ ਦਾ ਇਕ ਦੋਸਤ :**

10 ਲਖ ਟਨ ਕਣਕ ਦੀ ਵਸੂਲੀ ਤੇ ਵਿਕਰੀ, 10 ਲਖ ਟਨ ਖਾਦ ਦੀ ਖਰੀਦ ਤੇ ਵਿਕਰੀ; ਕਪਾਹ ਅਤੇ ਧਾਨ ਦੀ ਵਸੂਲੀ, ਕੀੜੇ ਮਾਰ ਦਵਾਈਆਂ ਦੀ ਵੰਡ ।

**ਖੇਤੀ-ਬਾੜੀ ਸੇਵਾਵਾਂ :**

ਫਸਲਾਂ ਤੇ ਹਵਾਈ ਸਪਰੇ, ਧੂਰੀ, ਅਨੰਦਪੁਰ ਸਾਹਿਬ ਤੇ ਲੁਧਿਆਣਾ ਵਿਖੇ ਦਾਣੇਦਾਰ ਖਾਦ ਦੇ ਤਿੰਨ ਪਲਾਂਟ, ਇਸ ਦੀ 110 ਹਾਰਵੈਸਟਿੰਗ ਕੰਬਾਈਨਾਂ ਦੀ ਫਲੀਟ ਨਾਲ ਕਣਕ ਤੇ ਧਾਨ ਦੀਆਂ ਫਸਲਾਂ ਦੀ ਕਟਾਈ, ਟਰੈਕਟਰਾਂ ਦੀ ਵਰਤੋਂ. ਪਾਣੀ ਤੇ ਜ਼ਮੀਨ ਦੀ ਮੁਫਤ ਟੈਸਟਿੰਗ, ਸਿੰਚਾਈ ਵਾਸਤੇ ਮਾਰਕਫੈਡ ਹਿਊਮ ਪਾਈਪ ਅਤੇ ਵੇਅਰ ਹਾਊਸਿੰਗ ।

**ਸਨਅਤੀ ਸਰਗਰਮੀਆਂ :**

ਮਾਰਕਫੈਡ ਆਇਲ ਕੰਪਲੈਕਸ ਜਿਸ ਦੇ ਤਿੰਨ ਆਇਲ ਯੂਨਿਟ ਹਨ; ਖੰਨਾ ਵਿਖੇ ਮਾਰਕਫੈਡ ਬਨਾਸਪਤੀ ਪਲਾਂਟ, ਮਾਰਕਫੈਡ ਰੀਫਾਈਂਡ ਆਇਲ ਇੰਡਸਟਰੀਜ਼, ਕਪੂਰਥਲਾ, ਮਾਰਕਫੈਡ ਕਾਟਨ ਸੀਡ ਪਲਾਂਟ, ਗਿੱਦੜਬਾਹਾ, ਜਿਸ ਦੀ ਕੁੱਲ ਸਮਰੱਥਾ 160 ਟਨ ਪ੍ਰਤਿਦਿਨ ਹੈ । ਰਾਜਪੁਰਾ ਅਤੇ ਪਟਿਆਲਾ ਵਿਖੇ ਮਾਡਰਨ ਰਾਈਸ ਮਿਲਜ਼, ਜਲੰਧਰ ਵਿਖੇ ਕੈਨਰੀਜ਼ ਅਤੇ ਕੋਟਕਪੂਰਾ ਵਿਖੇ ਉਸਰ ਰਹੀ 5 ਕਰੋੜ ਰੁਪੈ ਦੀ ਕਾਟਨ ਸਪਿੰਨਿੰਗ ਮਿੱਲ. ਮਾਰਕਫੈਡ ਦੀ ਸਨਅਤੀ ਪ੍ਰਗਤੀ ਦੀਆਂ ਪ੍ਰਤੀਕ ਹਨ ।

**ਹਰਦੇਵ ਸਿੰਘ, ਛੀਨਾਂ,**
ਆਈ. ਏ. ਐਸ,
ਚੇਅਰਮੈਨ

**ਮਨਮੋਹਨ ਸਿੰਘ**
ਆਈ. ਏ. ਐਸ,
ਮੈਨੇਜਿੰਗ ਡਾਇਰੈਕਟਰ

**ਦੀ ਪੰਜਾਬ ਸਟੇਟ ਕੋਆਪ੍ਰੇਟਿਵ ਸਪਲਾਈ ਐਂਡ**
**ਮਾਰਕੀਟਿੰਗ ਫੈਡਰੇਸ਼ਨ ਲਿਮਟਿਡ, ਸੈਕਟਰ—17 ਸੀ, ਚੰਡੀਗੜ੍ਹ**

# ਭਾਰਤੀ ਆਰਥਕਤਾ
# ਤੇਜ਼ ਤਰੱਕੀ ਲਈ ਤਿਆਰ

ਭਾਰਤ ਨੇ ਆਪਣੀ ਆਰਥਕਤਾ ਦੇ ਤੇਜ਼ ਪਸਾਰ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਮਾਇਕ ਪਸਾਰ ਉਤੇ ਕਾਬੂ ਪਾਇਆ ਹੈ (ਪਸਾਰ ਦੀ ਮਨਫ਼ੀ ਦਰ ਪ੍ਰਾਪਤ ਕੀਤੀ ਹੈ) ਅਤੇ ਕੀਮਤਾਂ ਸਥਿਰ ਕਰ ਲਈਆਂ ਹਨ।

— ਅਨਾਜ ਦਾ ਉਤਪਾਦਨ ਸਿਖ਼ਰ ਉਤੇ ਪਹੁੰਚਿਆ ਹੈ ਅਤੇ ਇਹ 11 ਕਰੋੜ 80 ਲਖ ਟਨ ਹੋਇਆ ਹੈ; ਦੇਸ਼ ਵਿਚ ਇਸ ਵਕਤ ਇਕ ਕਰੋੜ 80 ਲਖ ਟਨ ਤੋਂ ਵੀ ਵਧ ਅਨਾਜ ਭੰਡਾਰ ਵਿਚ ਹੈ।

— ਵਰਤਮਾਨ ਮਾਲੀ ਸਾਲ ਦੇ ਪਹਿਲੇ 6 ਮਹੀਨਿਆਂ ਵਿਚ ਸਨਅਤਾਂ ਵਿਚ ਵਾਧੇ ਦੀ ਦਰ 12 ਫ਼ੀ ਸਦੀ ਰਹੀ ਹੈ, ਜਦ ਕਿ ਪਿਛਲੇ ਸਾਲ ਦੇ ਏਸ ਸਮੇਂ ਵਿਚ ਇਹ ਦਰ 3 ਫ਼ੀ ਸਦੀ ਸੀ। ਅਨੁਮਾਨ ਹੈ ਕਿ 1976-77 ਵਿਚ ਪਿਛਲੇ ਸਾਲ ਨਾਲੋਂ ਸਨਅਤੀ ਉਤ-ਪਾਦਨ 10 ਫ਼ੀ ਸਦੀ ਜ਼ਿਆਦਾ ਹੋਵੇਗਾ।

— ਅਪਰੈਲ ਤੋਂ ਸਤੰਬਰ 1976-77 ਵਿਚ, 1975 ਦੇ ਏਸੇ ਸਮੇਂ ਦੇ ਮੁਕਾਬਲੇ ਬਿਜਲੀ ਦੀ ਤਿਆਰੀ 16.4 ਫ਼ੀ ਸਦੀ ਜ਼ਿਆਦਾ ਹੋਈ।

— ਅਪਰੈਲ ਤੋਂ ਅਕਤੂਬਰ 1976 ਤਕ ਭਾਰਤ ਦੀ ਬਰਾਮਦ ਵਿਚ 33.9 ਫ਼ੀ ਸਦੀ ਦਾ ਵਾਧਾ ਹੋਇਆ। ਇਸੇ ਸਮੇਂ ਵਿਚ ਦਰਾਮਦ 9 ਫ਼ੀ ਸਦੀ ਘਟ ਗਈ।

— ਵਿਦੇਸ਼ੀ ਅਦਾਇਗੀਆਂ ਦੀ ਸਥਿਤੀ ਵਿਚ ਕਾਫ਼ੀ ਸੁਧਾਰ ਹੋਇਆ ਹੈ; ਅਤੇ ਆਜ਼ਾਦੀ ਤੋਂ ਲੈ ਕੇ ਪਹਿਲੀ ਵੇਰ ਵਿਦੇਸ਼ੀ ਸਿੱਕੇ ਦਾ ਭੰਡਾਰ 25 ਅਰਬ ਰੁਪਏ ਤੋਂ ਵਧ ਗਿਆ ਹੈ ;

— ਸਰਬਜਨਕ ਖੇਤਰ ਦੇ ਵਾਧੇ ਦੀ ਦਰ 12 ਫ਼ੀ ਸਦੀ ਤੋਂ ਉਪਰ ਰਹੀ ਹੈ।

— ਰੁਪਏ ਦੀ ਖਰੀਦ ਸ਼ਕਤੀ ਵਿਚ 17 ਤੋਂ 21 ਫ਼ੀ ਸਦੀ ਦਾ ਵਾਧਾ ਹੋਇਆ ਹੈ।

ਇਹਨਾਂ ਪ੍ਰਾਪਤੀਆਂ ਤੋਂ ਸਰਕਾਰ ਅਤੇ ਲੋਕਾਂ ਦਾ ਇਹ ਨਿਸਚਾ ਪ੍ਰਗਟ ਹੁੰਦਾ ਹੈ ਕਿ ਉਹ ਇਸ ਵਿਸ਼ਾਲ ਅਤੇ ਗਤੀਸ਼ੀਲ ਰਾਸ਼ਟਰ ਦੇ ਸਾਧਨਾਂ ਤੋਂ ਵਧ ਤੋਂ ਵਧ ਲਾਭ ਉਠਾਉਣਗੇ।

davp 76/886


Punjab Film and News Corporation Ltd.
52, SECTOR 4-A, CHANDIGARH
First to launch Children's Film Movement. 12 lac school children systematically exposed.
By Unesco norms, Punjab needs 500 more cinema houses. Eight have since been constructed Private entrepreneurs ate being helped technically and financially
PFNC is providing outdoor shooting facilities to film makers by establishing its own mobile shooting unit with latest equipment
pfnc

# ਨਿਊ ਏਜ ਬੁਕ ਸੈਂਟਰ ਅੰਮ੍ਰਿਤਸਰ

## ਦੀਆਂ ਛਪੀਆਂ ਪੁਸਤਕਾਂ ਸੂਹਜ ਸਵਾਦ ਤੇ ਗਿਆਨ ਦੀਆਂ ਪੂਰਕ ਹਨ

### ਕੁਝ ਚੋਣਵੀਆਂ ਅਨੁਵਾਦਿਤ ਪੁਸਤਕਾਂ

| | ਰੁ ਪੈਸੇ |
|---|---|
| ਜੀਵਨੀ ਕਾਰਲ ਮਾਰਕਸ ... ... | 35.00 |
| ਇਤਿਹਾਸਕ ਭੌਤਿਕਵਾਦ—ਸਮਾਜ ਦੇ ਮਾਰਕਸਵਾਦੀ ਸਿਧਾਂਤ ਦੀ ਰੂਪ ਰੇਖਾ | 16.00 |
| ਸੋਵੀਅਤ ਮਨੁੱਖ ... ... | 16.00 |
| ਪੂੰਜੀਵਾਦ ਦੀ ਰਾਜਸੀ ਅਰਥ ਵਿਵਸਥਾ ... ... | 16.00 |
| ਫ਼ਰੈਡਰਿਕ ਏਂਗਲਜ਼—ਇਕ ਜੀਵਨੀ ... ... | 25.00 |
| ਲੈਨਿਨ ਤੇ ਗੋਰਕੀ—ਖ਼ਤ, ਯਾਦਾਂ, ਲੇਖ ... ... | 15.00 |
| ਸੋਵੀਅਤ ਸਕੂਲੀ-ਸਿਖਿਆ ਦੀਆਂ ਸਮਸਿਆਵਾਂ ... ... | 12.00 |
| ਸੋਵੀਅਤ ਸਮਾਜ ਦਾ ਸੰਖੇਪ ਇਤਿਹਾਸ ... ... | 25.00 |
| ਸਮਾਜਵਾਦ ਅਤੇ ਸਰਮਾਇਦਾਰੀ ... ... | 15.00 |
| ਲੈਨਿਨ ਇਨਾਮ ਜੇਤੂ ਸੋਵੀਅਤ ਕਲਾਕਾਰ ... ... | 20.00 |
| ਆਜ਼ਾਦੀ ਦੇ ਪਰਵਾਨੇ ... ... | 35.00 |
| ਮਨੁੱਖੀ ਨਸਲਾਂ ਦੀ ਕਹਾਣੀ (ਮਾਨਵ ਵਿਗਿਆਨ) ... ... | 6.50 |
| ਕਲਾ ਤੇ ਸਮਾਜ (ਕਲਾ ਬਾਰੇ ਲੇਖ) ... ... | 8.00 |
| ਪੰਜਾਬੀ ਸਾਹਿਤ (ਆਲੋਚਨਾ) ... ... | 5.00 |
| ਕਾਲਾਕਾਰ ਦੀ ਸੁਤੰਤਰਤਾ ... ... | 8.00 |
| ਧਰਤੀ ਅਤੇ ਆਕਾਸ਼ (ਪੁਲਾੜ ਬਾਰੇ ਜਾਣਕਾਰੀ) ... ... | 12.00 |
| ਮਾਰਕਸਵਾਦੀ ਦਰਸ਼ਨ (ਰਾਜਨੀਤੀ-ਅਰਥ ਵਿਗਿਆਨ) ... ... | 15 00 |
| ਸੋਵੀਅਤ ਯੂਨੀਅਨ ਬਾਰੇ (ਜਾਣਕਾਰੀ) ... ... | 8.00 |

ਪੁਸਤਕ ਪ੍ਰਾਪਤੀ ਸਥਾਨ

*ਨਿਊ ਏਜ ਬੁਕ ਸੈਂਟਰ*

ਸ਼ੋਰੂਮ : 22. ਮਹਾਂ ਸਿੰਘ ਗੇਟ, ਅੰਮ੍ਰਿਤਸਰ, ਫੋਨ 25430

ਦਫਤਰ : ਚੀਲ ਮੰਡੀ (ਨੇੜੇ ਸਟੇਟ ਬੈਂਕ) ਅੰਮ੍ਰਿਤਸਰ, ਫੋਨ 45514

# ਉਤਪਾਦਨ ਦਾ
# ਇਕ ਨਵਾਂ ਰੀਕਾਰਡ

ਪਹਿਲੀ ਜੁਲਾਈ 1975 ਤੋਂ, ਜਦੋਂ ਕਿ ਆਰਥਕ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਦੇਸ਼ ਬੜੀ ਦ੍ਰਿੜਤਾ ਨਾਲ ਪ੍ਰਗਤੀ ਦੇ ਰਾਹ ਤੇ ਚਲ ਪਿਆ ਹੈ। ਹੁਣ ਤਕ ਇਹ ਸਫ਼ਲਤਾਵਾਂ ਪ੍ਰਾਪਤ ਹੋਈਆਂ ਹਨ :

— ਅਨਾਜ ਦਾ ਉਤਪਾਦਨ 11 ਕਰੋੜ 80 ਲਖ ਟਨ ਤਕ ਪਹੁੰਚ ਗਿਆ ਜਿਹੜਾ ਕਿ ਇਕ ਰੀਕਾਰਡ ਹੈ ਤੇ ਅਨਾਜ ਦਾ ਭੰਡਾਰ 1 ਕਰੋੜ 80 ਲਖ ਟਨ ਹੈ।

— 1976-77 ਦੇ ਪਹਿਲੇ 6 ਮਹੀਨਿਆਂ ਵਿਚ ਸੱਨਅਤੀ ਉਤਪਾਦਨ ਵਿਚ 12% ਦਾ ਵਾਧਾ ਹੋਇਆ ਹੈ ਜਦ ਕਿ ਪਿਛਲੇ ਸਾਲ ਇਸ ਸਮੇਂ ਵਿਚ ਵਾਧਾ ਕੇਵਲ 3% ਹੋਇਆ ਸੀ।

— 1976 ਦੇ ਪਹਿਲੇ ਸੱਤ ਮਹੀਨਿਆਂ ਵਿਚ ਦੇਸ਼ ਦੀ ਬਰਾਮਦ ਵਿਚ 33.9% ਦਾ ਵਾਧਾ ਹੋਇਆ ਹੈ ! ਇਹ ਇਕ ਰੀਕਾਰਡ ਹੈ।

davp 76/887
Punjabi

# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਂ

## ਚੰਗੀ ਖੇਤੀ

| | | | |
|---|---|---|---|
| ਮਾਸਕ ਰਸਾਲਾ ਇਕ ਕਾਪੀ | 50 ਪੈਸੇ | ਸਾਰੀ ਉਮਰ ਲਈ ਚੰਦਾ | 75 ਰੁਪਏ |
| ਵਾਰਸ਼ਕ ਚੰਦਾ | 6 ਰੁਪਏ | ਬਦੇਸ਼ਾਂ ਲਈ ਵਾਰਸ਼ਕ ਚੰਦਾ | 12 ਰੁਪਏ |

| | | | ਰੁ: ਪੈਸੇ |
|---|---|---|---|
| ਕਿਸਾਨ ਗਾਈਡ | ... | ... | 5.00 |
| ਪੰਜਾਬ ਖੇਤੀਬਾੜੀ ਡਾਇਰੀ-77 | ... | ... | 5.00 |
| ਸਾਉਣੀ ਦੀਆਂ ਫ਼ਸਲਾਂ (ਹਰ ਸਾਲ ਅਪਰੈਲ ਵਿਚ ਛਪਦੀ ਹੈ) | | | 2.00 |
| ਛੋਲੇ | ... | ... | 1 50 |
| ਨਰਮਾਂ ਅਤੇ ਕਪਾਹ | ... | ... | 0.50 |
| ਥੋਮ ਦੀ ਕਾਸ਼ਤ | ... | ... | 0 35 |
| ਭਿੰਡੀ ਦੀ ਕਾਸ਼ਤ | ... | ... | 0.40 |
| ਸਬਜ਼ੀਆਂ ਦੇ ਬੀਜ | ... | ... | 2.00 |
| ਘਰ ਬਗੀਚੀ | ... | ... | 1.25 |
| ਖਰਬੂਜ਼ੇ ਅਤੇ ਹਦਵਾਣੇ | ... | ... | 1.00 |
| ਅਲੂਚੇ | ... | ... | 2.00 |
| ਸੰਗਤਰੇ ਮਾਲਟੇ, ਨਿੰਬੂ | ... | ... | 4.00 |
| ਬਾਗਬਾਨੀ ਦਾ ਬਾਰਾਂਮਾਹ | ... | ... | 6.00 |
| ਕਿਸ ਮਹੀਨੇ ਕੀ ਕਰਨਾ ਹੈ ? | ... | ... | 4.00 |
| ਲੀਚੀ | ... | ... | 2.00 |
| ਫਲਾਂ ਵਾਲੇ ਬੂਟਿਆਂ ਨੂੰ ਖਾਦਾਂ | ... | ... | 3.50 |
| ਪਸ਼ੂਆਂ ਨੂੰ ਕੀਟਨਾਸ਼ਕ ਦਵਾਈਆਂ ਨਾਲ ਜ਼ਹਿਰ ਚੜ੍ਹਨਾ ਅਤੇ ਉਸਦਾ ਇਲਾਜ | | | 1.00 |
| ਹਾਨੀਕਾਰਕ ਪੰਛੀ | ... | ... | 1.00 |
| ਟਰੈਕਟਰ ਦੀ ਵਰਤੋਂ ਅਤੇ ਸੰਭਾਲ | ... | ... | 2.50 |
| ਜੌਂ | ... | ... | 1.00 |
| ਟਿਊਬਵੈਲ | ... | ... | 2.00 |
| ਚਾਰੇ ਦੀਆਂ ਫ਼ਸਲਾਂ | ... | ... | 2.50 |
| ਕੱਲਰੀ ਜ਼ਮੀਨ ਦਾ ਸੁਧਾਰ | ... | ... | 0.80 |
| ਦਾਲਾਂ | ... | ... | 3.00 |
| ਬੇਰ | ... | ... | 2 00 |
| ਖੁੰਬਾਂ | ... | ... | 1.50 |
| ਹਰੀ ਖਾਦ | ... | ... | 2.50 |
| ਸੋਇਆਬੀਨ | ... | ... | 2.00 |
| ਲਾਲ ਮਿਰਚ | ... | ... | 1.00 |
| ਸਾਫ ਘਰ | ... | ... | 1.50 |

ਡਾਕ ਖਰਚ ਕੋਈ ਨਹੀਂ, ਮਨੀਆਰਡਰ ਘਲ ਕੇ ਮੰਗਵਾਓ

ਪਤਾ :

**ਬਿਜ਼ਨੇਸ ਮੈਨੇਜਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ**

ਚੈਕ/ਬੈਂਕ ਡ੍ਰਾਫਟ ਅਤੇ ਇੰਡੀਅਨ ਪੋਸਟਲ ਆਰਡਰ ਜਾਇੰਟ ਡਾਇਰੈਕਟਰ, ਕਮਿਊਨੀਕੇਸ਼ਨ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਨਾਂ ਤੇ ਆਉਣੇ ਚਾਹੀਦੇ ਹਨ ।

**SIRJANA** LITERARY PUNJABI QUARTERLY
No. 25 January—March 1977

Registered with the Registrar of Newspapers for India Vide R. No. 10215/65

# ਨਵੀਆਂ ਸੋਵੀਅਤ ਪੁਸਤਕਾਂ

| | | | |
|---|---|---|---|
| 1. | ਪੂਰਬੀ ਦੇਸ਼ਾਂ ਵਿਚ ਕੌਮੀ ਆਜ਼ਾਦੀ ਦੀ ਲਹਿਰ | ਵ. ਇ. ਲੈਨਿਨ | 1—00 |
| 2. | ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੀ ਏਕਤਾ | ... | 1—25 |
| 3. | ਕਮਿਊਨਿਸਟ ਇੰਟਰਨੈਸ਼ਨਲ ਕਾਂਗਰਸ ਸਮੇਂ ਦੀਆਂ ਤਕਰੀਰਾਂ | ... | 3—00 |
| 4. | ਇਕ ਕਦਮ ਅੱਗੇ ਦੋ ਕਦਮ ਪਿੱਛੇ | ... | 4 – 00 |
| 5. | ਸੋਸ਼ਲਿਸਟ ਸਮਾਜ ਦਾ ਆਰਥਿਕ ਵਿਕਾਸ | ... | 0—80 |
| 6. | ਲੈਨਿਨ ਦੇ ਸੰਗਰਾਮ ਸਾਥੀ | | 6—00 |
| 7. | ਰਾਜਸੀ ਆਰਥਿਕਤਾ ਦੇ ਮੂਲ ਆਧਾਰ | ਵ. ਗ. ਨਿਕੀਤਨ | 2—00 |
| 8. | ਸੰਸਾਰ ਵਿਚ ਸੋਸ਼ਲਿਜ਼ਮ ਲਈ ਸੰਗਰਾਮ | | 0—70 |
| 9. | ਖੇਤੀਬਾੜੀ ਦੇ ਵਿਕਾਸ ਦਾ ਸੋਸ਼ਲਿਸਟ ਢੰਗ | ਬਾਸਤੋਰੇਜੋਬ ਅਤੇ ਯਾਰੂਦੋਵ | 0—80 |
| 10. | ਪਸ਼ੂ ਪਾਲਣ ਦੇ ਵਿਗਿਆਨਕ ਨੇਮ | ਵ. ਪ. ਡੇਰੀਨਿਰ | 0—75 |
| 11. | ਮਨੁੱਖ ਤੇ ਚੰਨ | ਸਾਰੇਬਦੋਵਨ ਅਤੇ ਸਾਖੋਜਨ | 1—50 |
| 12. | ਚੋਣਵੀਆਂ ਰੂਸੀ ਕਹਾਣੀਆਂ | | 2—00 |
| 13. | ਯੇਵਦੋਕੀਆ | ਵ. ਪਾਨੋਵਾ | 2—00 |
| 14. | ਕਿਰਤੀਆਂ ਦੀ ਅੰਤਰਾਸ਼ਟਰੀ ਸਭਾ ਦਾ ਉਦਘਾਟਨੀ ਭਾਸ਼ਨ | ਕਾਰਲ ਮਾਰਕਸ | 0—40 |
| 15. | ਮਨੁਖ ਦੇ ਸਾਕਾਰ ਹੁੰਦੇ ਸੁਪਨੇ | ਐਮਿਲ ਵਰਨਸ | 2—00 |
| 16. | ਮਾਰਕਸਵਾਦ ਕੀ ਹੈ ? | ... | 2— 0 |
| 17. | ਵਿਗਿਆਨਕ ਕਮਿਊਨਿਜ਼ਮ | ਵ. ਅਫਾਨਸੇਵ | 2—75 |
| 18. | ਸੋਵਿਅਤ ਯੂਨੀਅਨ ਵਿਚ ਵਿਅਕਤੀਗਤ ਜਾਇਦਾਦ | ਰ. ਖਾਲਫੀਨਾ | 1—00 |

## ਮਿਲਣ ਦ ਪਤਾ

1. **ਪੰਜਾਬ ਬੁਕ ਸੈਂਟਰ,** 1038, ਸੈਕਟਰ 22-ਬੀ, ਸਾਹਮਣੇ ਜਨਰਲ ਬਸ ਸਟੈਂਡ, ਚੰਡੀਗੜ੍ਹ ।
2. **ਪੰਜਾਬ ਬੁਕ ਸੈਂਟਰ,** ਸਰਹਿੰਦੀ ਗੇਟ, ਪਟਿਆਲਾ ।
3. **ਪੰਜਾਬ ਬੁਕ ਸੈਂਟਰ,** ਸ਼ਹੀਦ ਭਗਤ ਸਿੰਘ ਚੌਕ, ਬਠਿੰਡਾ ।
4. **ਪੰਜਾਬ ਬੁਕ ਸੈਂਟਰ,** ਪੁਰਾਣਾ ਡਾਕਖਾਨਾ ਰੋਡ, ਜਲੰਧਰ ।
5. **ਪੰਜਾਬ ਬੁਕ ਸੈਂਟਰ,** ਘੁਮਾਰ ਮੰਡੀ ਚੌਕ, ਸਿਵਲ ਲਾਈਨਜ਼, ਲੁਧਿਆਣਾ ।
6. **ਪੰਜਾਬ ਬੁਕ ਸੈਂਟਰ,** ਮਹਾਂਵੀਰ ਮਾਰਗ, ਫਰੀਦਕੋਟ ।
7. **ਪੰਜਾਬ ਬੁਕ ਸੈਂਟਰ,** ਸਾਹਮਣੇ ਬਸ ਸਟੈਂਡ, ਮੋਹਾਲੀ ।